# ਅੰਮ੍ਰਿਤ ਕੀਰਤਨ

ਅੰਕ 9 ਸਾਲ ਪੰਜਵਾਂ ਸਤੰਬਰ, 1993



ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ, 422 ਸੈਕਟਰ 15-ਏ, ਚੰਡੀਗੜ੍ਹ ਫੋਨ : 24660

# ਅੰਮ੍ਰਿਤ ਕੀਰਤਨ

ਅੰਕ 9 | ਸਾਲ ਪੰਜਵਾਂ | ਸਤੰਬਰ, 1993

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ

**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ

**ਚਿੱਤਰਕਾਰ**
ਗੁਰਦੀਪ ਸਿੰਘ ਦੀਪ

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ,
ਚੰਡੀਗੜ੍ਹ-160 015
ਫੋਨ : 24660

**ਚੰਦੇ ਦਾ ਵੇਰਵਾ**
ਇਕ ਕਾਪੀ 5 ਰਪਏ
ਦੇਸ਼ ਸਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਲਾਨਾ 500 ਰੁਪਏ
ਜੀਵਨ ਮੈਂਬਰ 5000 ਰੁਪਏ

1] ਜਪੁਜੀ ਸਾਹਿਬ ਦੇ ਸੰਦਰਭ ਵਿਚ — 1
—ਬਲਜੀਤ ਕੌਰ ਤੁਲਸੀ

2] ਗੁਰੂ ਕਾਵਿ ਵਿਚ ਕਾਵਿ-ਰੂਪ ਅਤੇ ਸੰਗੀਤ ਦਾ ਸੰਬੰਧ — 6
—ਡਾ. ਜਾਗੀਰ ਸਿੰਘ

3] ਸਾਡੇ ਕੀਰਤਨੀਏ — 10
ਪ੍ਰੋ. ਕੁਲਵੰਤ ਸਿੰਘ ਤੰਦਨ

4] ਹਰਿ-ਕੀਰਤਨ-ਹਰਿਮੰਦਰ ਕੰਵਲ ਦੀ ਖੁਸ਼ਬੋ — 17
—ਪ੍ਰਿੰ. ਸੁਜਾਨ ਸਿੰਘ

5] ਸੰਗੀਤ-ਪ੍ਰੀਖਿਆ ਭਵਨ ਤੋਂ ਸਟੇਜ ਤਕ — 21
—ਪ੍ਰੋ. ਬਲਬੀਰ ਸਿੰਘ ਨੀਲਮ

6] ਸੰਗੀਤ ਅਤੇ ਕੀਰਤਨ ਪੁਸਤਕਾਂ — 23

7] ਲਾਵਾਂ ਤੇ ਛੰਦਾਂ ਦੀ ਮਿਆਰੀ ਵਿਆਖਿਆ ਹਰਿ ਚਉਥੜੀ ਲਾਵ — 26

8] ਪਿਛਲੇ ਦਿਨੀ ਅਖਬਾਰਾਂ/ਰਸਾਲਿਆਂ ਵਿਚਲਾ ਸੰਗੀਤ ਅਤੇ ਕੀਰਤਨ — 28

9] ਜੀਵਨ ਝਾਤ — 31
—ਭਾਈ ਬਲਕਾਰ ਸਿੰਘ

**ਨੋਟ :** ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ ।

# ਬ੍ਰਹਮ-ਗੀਤ-ਸੰਗੀਤ

ਬਲਜੀਤ ਕੌਰ ਤੁਲਸੀ

ਬ੍ਰਹਮ-ਗੀਤ ਅਤੇ ਸੰਗੀਤ ਦੋਵੇਂ ਸਰੀਰ ਅੰਡ ਦੀ ਸੀਮਾਂ ਦੇ ਅੰਦਰ ਹਨ। ਰੱਤ ਦੀ ਧਾਰਾ, ਰਾਗਾਤਮਕ ਚਾਲ ਚਲਦੀ ਹੈ। ਸੁਾਂਸਾਂ ਦੀ ਲੜੀ, ਰਾਗਾਤਮਕਤਾ ਵਿੱਚ ਹੈ। ਸਰੀਰ ਇੱਕ ਤੰਤੀ-ਸਾਜ਼ ਹੈ। ਰੱਤ ਦੀ ਤੋਰ, ਸੁਾਸਾਂ ਦੀ ਤਾਰ, ਭਾਵਾਂ ਦੀ ਤਾਰ, ਵਿਚਾਰਾਂ ਦੀ ਤਾਰ, ਨਾਦ ਦੀ ਤਾਰ-ਸਭ ਇਕ-ਸੁਰਤਾ ਵਿੱਚ ਹਨ। ਇਸ ਤੰਤੀ-ਸਾਜ਼ ਦਾ ਇੱਕ-ਸੁਰਤਾ, ਇੱਕ ਸਾਰਤਾ ਵਿੱਚ ਚਲਨਾ ਹੀ ਉਤਮ ਜੀਵਨ ਹੈ। ਉਪਮਾ-ਮਈ ਜੀਵਨ ਹੈ।

ਭਾਵ, ਤਰੰਗ-ਮਈ ਹਨ। ਭਾਵਾਂ ਦੀਆਂ ਤਰੰਗਾਂ ਜਦ ਵਿਚਾਰਾਂ ਨੂੰ ਛੋਹਦੀਆਂ ਹਨ ਤਾਂ ਉਹ ਵੀ ਤਰਲ-ਤਰੰਗ-ਮਈ ਹੋ, ਵਲਵਲੇ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਵਲਵਲੇ, ਨਾਦ ਨੂੰ ਛੋਂਹਦੇ ਹਨ, ਜਿਸ ਵਿਚੋ ਅਨਿਕ ਧੁਨਾਂ ਨਿਕਲਦੀਆਂ ਹਨ। ਇਹ ਅਦ੍ਰਿਸ਼ਟ ਅਤੇ ਸੂਖਸ਼ਮ ਕਲਾਵਾਂ ਹਨ। ਵਲਵਲੇ ਸ਼ਬਦ ਨੂੰ ਸਪਰਸ਼ ਕਰਦੇ ਹਨ। ਸ਼ਬਦ, ਅਨੁਭਵ ਨੂੰ ਤਰੰਗਿਤ ਕਰਦਾ ਹੈ। ਵਲਵਲੇ ਅਤੇ ਅਨੁਭਵ ਜਦ ਬਗਲਗੀਰ ਹੁੰਦੇ ਹਨ ਤਾਂ ਗੀਤ ਅਤੇ ਸੰਗੀਤ ਦਾ ਜਨਮ ਹੁੰਦਾ ਹੈ। ਜਿੰਨਾ ਸਕਤੀਸ਼ਾਲੀ ਭਾਵ ਅਤੇ ਵਲਵਲਾ, ਜਿੰਨਾ ਸਪਸ਼ਟ ਜੀਵਨ ਦਾ ਅਨੁਭਵ, ਜਿੰਨਾ ਵਿਸ਼ਾਲ ਸ਼ਬਦ-ਭੰਡਾਰ, ਜਿੰਨਾ ਮਧੁਰ ਅਤੇ ਇਕ-ਸੁਰ ਜੀਵਨ ਦਾ ਤੰਤੀ-ਸਾਜ਼, ਓਨੀ ਉਚੇਰੀ, ਸੁਰਤਿ ਦੇ ਉੱਡਣ -ਖਟੋਲੇ ਦੀ ਉਡਾਰੀ। ਓਨੀ ਸੁੰਦਰ, ਸ੍ਰੇਸ਼ਠ, ਅਤੇ ਮਹਿਮਾ-ਮਈ ਕਾਵਿ ਰਚਨਾ ਓਨਾ ਹੀ ਰਾਗ-ਮਈ ਮਧੁਰ ਸੰਗੀਤ।

ਹਿਰਦੇ ਦੀਆਂ ਸਮਸੱਤ ਤਾਰਾਂ ਨੂੰ, ਇਕ ਸੁਰਤਾ, ਏਕਤਾ, ਸੁੱਚਾ, ਵਡਿੱਤਨਤਾ, ਕ੍ਰਿਆਤਮਕਤਾ, ਨਿਡਰਤਾ, ਨਿਰਭੈਤਾ, ਨਿਰਵੈਰਤਾ, ਅਮਰਤਾ, ਬ੍ਰਹਮਤਾ ਅਤੇ ਦਇਆਲਤਾ ਬਖਸ਼ਨ ਦੀ ਸਮਰੱਥਾ ਰਖਦਾ ਹੈ।

ਜਪੁਜੀ ਸਾਹਿਬ ਦੇ ਉੱਤੇ ਕਿਸੇ ਰਾਗ ਵਿੱਚ ਗਾਇਣ ਕਰਨ ਦਾ ਆਦੇਸ਼ ਨਹੀਂ। ਤਾਂ ਭੀ:-

"ਆਦਿ ਸਚੁ, ਜੁਗਾਦਿ ਸਚੁ,
ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ॥" (ਜਪੁਜੀ ਸਾਹਿਬ)

ਐਨਾ ਰਸ-ਮਈ, ਰਾਗ-ਮਈ ਹੈ, ਕਿ ਆਪ ਮੁਹਾਰੇ ਵਲਵਲੇ ਤਰੰਗ-ਮਈ ਹੋ ਹੋ ਕੇ ਰਾਗਾਤਮਕ ਲੈਅ ਵਿੱਚ ਗਾਇਣ ਕਰਦੇ ਹਨ। ਗੁਰੂ ਨਾਨਕ ਦਾ ਜੀਵਨ-ਸਾਜ਼-ਰਬਾਬ, ਅਤਿਅੰਤ ਸੁਰੀਲਾ, ਮਧੁਰ ਅਤੇ ਰਸੀਲਾ ਸੀ। ਗੁਰੂ ਨਾਨਕ ਦਾ ਜੀਵਨ-ਸਾਜ਼ ਕੇਵਲ ਅੰਡ ਨਾਲ ਹੀ ਨਹੀਂ, ਸਗੋਂ ਬ੍ਰਹਿਮੰਡ ਨਾਲ ਵੀ ਇਕਸੁਰ ਸੀ

''ਕਿਵ ਸਚਿਆਰਾ ਹੋਈਐ,
ਕਿਵ ਕੂੜੈ ਤੁਟੈ ਪਾਲਿ॥'' (ਜਪੁਜੀ ਸਾਹਿਬ)

ਸਚਿ ਦੀ ਪ੍ਰਾਪਤੀ ਤੋਂ ਉਰ੍ਹੇ, ਤਾਂ, ਗੁਰੂ ਨਾਨਕ ਦੇ ਸ਼ਾਜ ਵਿਚੋਂ ਕੋਈ ਹੋਰ ਰਾਗ ਹੈ ਹੀ ਨਹੀਂ ਸੀ। ਕੂੜ ਦੀ ਦੀਵਾਰ ਤਾਂ ਤੋੜਨੀ ਹੀ ਸੀ। ਗੁਰੂ ਨਾਨਕ ਦੇ ਵਿਚਾਰ ਸਪਸ਼ਟ ਸਨ, ਤਰਲ, ਵੇਗਵਾਨ, ਸ਼ਕਤੀ ਸ਼ਾਲੀ, ਸਥਿਰ, ਦ੍ਰਿੜ, ਸ੍ਰੇਸ਼ਠ, ਉੱਤਮ, ਮਾਨਵ-ਭਲਾਈ ਨਾਲ ਪਰੀਪੂਰਨ ਅਨੁਭਵਾਂ ਨਾਲ ਭਰਪੂਰ, ਜੀਵਨ ਉਦੇਸ਼ ਦਾ ਝੰਡਾ ਝੁਲਾਂਦੇ, ਨਿਰੰਕਾਰੀ-ਬਾਣੀ ਨੂੰ ਰਾਗਾਂ ਦੁਆਰਾ ਗਾਇਣ ਕਰਕੇ ਆਪਣਾ ਸੰਦੇਸ਼ ਜਗਤ ਨੂੰ ਦੇਈ ਜਾਂਦੇ। ਬਾਣੀ-ਸ਼ਬਦ ਬ੍ਰਹਮ ਗੀਤ, ਰਾਗ ਦਾ ਸਰਸ-ਮਈ ਜੀਵਨ ਹੈ। ਬ੍ਰਹਮ-ਗੀਤ ਤੋਂ ਬਿਨਾ, ਸੰਗੀਤ ਸਿਵਾਏ ਕੁਝ ਸੁਰਾਂ ਦੇ ਅਰਥ ਹੀਣ ਹੈ। ਬ੍ਰਹਮ-ਗੀਤ ਵਿਚਲੇ ਵਿਚਾਰ, ਸੰਗੀਤ ਦੀ ਸ਼ਕਤੀ ਹਨ। ਬ੍ਰਹਮ-ਗਿਆਨ, ਸੰਗੀਤ ਦਾ ਸੁੰਦਰ ਸਰੂਪ ਹੈ। ਦੈਵੀ -ਗੀਤਾਂ ਦੇ ਬੋਲਾਂ ਅਤੇ ਰਾਗ ਦੀਆਂ ਸੁਰਾਂ ਦੀ ਲੈਅ, ਦੋਹਾਂ ਦੇ ਸੰਜੋਗ ਤੋਂ ਹੀ ਜਿਹੜਾ ਰਸ ਉਤਪੰਨ ਹੁੰਦਾ ਹੈ ਉਹ ਨੀਵੇਂ ਜੀਵਨ ਨੂੰ ਪਵਿਤਰ ਕਰਨ ਦੀ ਸਮਰਥਾ ਰਖਦਾ ਹੈ।

'ਜਪੁਜੀ' ਸਾਹਿਬ ਦੀ ਬਾਣੀ ਉਤੇ ਕਿਸੇ ਵਿਸ਼ੇਸ਼ ਰਾਗ ਦੀ ਯਾਂ ਲੋਕ-ਧੁਨਿ ਦੀ ਬੰਦੇਸ਼ ਨਹੀਂ ਤਾਂ ਭੀ, ਸਾਰੇ 'ਜਪੁਜੀ' ਸਾਹਿਬ ਦਾ ਬ੍ਰਹਮ-ਵਿਚਾਰ ਰਾਗ ਮਈ ਹੈ।

''ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥
ਗਾਵੈ ਕੋ ਦਾਤਿ ਜਾਣੈ ਨੀਸਾਣੁ॥
-----------------
ਸਾਚਾ ਸਾਹਿਬੁ, ਸਾਚੁ ਨਾਇ,
ਭਾਖਿਆ ਭਾਉ ਅਪਾਰੁ ॥
-----------------
ਫੇਰਿ ਕਿ ਅਗੈ ਰਖੀਐ, ਜਿਤੁ ਦਿਸੈ ਦਰਬਾਰੁ ॥
ਮੁਹੌ ਕਿ ਬੋਲਣੁ ਬੋਲੀਐ, ਜਿਤੁ ਸੁਣਿ ਧਰੇ ਪਿਆਰੁ॥
ਅੰਮ੍ਰਿਤ ਵੇਲਾ ਸਚੁ ਨਾਉ, ਵਡਿਆਈ ਵੀਚਾਰੁ॥
ਕਰਮੀ ਆਵੈ ਕਪੜਾ, ਨਦਰੀ ਮੋਖੁ ਦੁਆਰੁ ॥
ਨਾਨਕ ਏਵੈਂ ਜਾਣੀਐ, ਸਭ ਆਪੇ ਸਚਿਆਰੁ ॥

ਸਚਮੁਚ, ਅੰਮ੍ਰਿਤ ਵੇਲੇ, ਤਾਰਿਆਂ ਦੀ ਛਾਵੇਂ, ਜਦ ਸਾਰੀ ਸ੍ਰਿਸ਼ਟੀ ਅਜੇ ਨੀਂਦ ਦੀ ਗੋਦ ਵਿੱਚ ਹੁੰਦੀ ਹੈ। ਉਸ ਸਮੇਂ ਕਿਸੇ ਲੋਕ-ਧੁਨ ਵਿੱਚ ਯਾਂ ਕਿਸੇ ਰਾਗ ਧੁਨਿੰ ਵਿੱਚ, ਜਪੁਜੀ ਦਾ ਗਾਇਨ, ਨਿਤਾ ਪ੍ਰਤਿ, ਲਗਾਤਾਰ, ਪੂਰਨ ਸ਼ਰਧਾ ਅਤੇ ਸਾਧਨਾ ਨਾਲ, ਕਈ ਮਹੀਨੇ, ਕਈ-ਸਾਲ ਕਰਨ ਨਾਲ ''ਸਭ ਆਪੇ ਸਚਿਆਰੁ '' ਪਰਗਟ ਹੋ ਜਾਂਦਾ ਹੈ। ਸ਼ਬਦ- ਸੁਰਤਿ ਦੀ ਏਕਤਾ ਹੋ ਜਾਂਦੀ ਹੈ। ਜਦ ਗਾਈਦਾ ਹੈ:-

ਗੁਰਾ ਇਕ ਦੇਹਿ ਬੁਲਾਈ॥
ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ॥

ਇਨਾਂ ਪੰਕਤੀਆਂ ਨੂੰ ਛੇਵੀਂ ਪਉੜੀ ਵਿੱਚ ਫੇਰ ਦੁਹਰਾਣਾ ਹੋਰ ਵੀ ਰਸ ਦਾਇਕ

ਲੱਗਦਾ ਹੈ। 'ਸੁਣਿਐ' ਦੀਆਂ ਚਾਰੇ ਆਪਣੇ ਆਪਣੇ ਗਿਆਨ ਅਤੇ ਸੁਰ-ਸੁਆਦ ਦੇ ਨਾਲ ਅਨੋਖਾ ਰੰਗ ਬੰਨ ਦੇਂਦੀਆਂ ਹਨ।

ਨਾਨਕ ਭਗਤਾਂ ਸਦਾ ਵਿਗਾਸੁ

ਸੁਣਿਐ ਦੂਖ ਪਾਪ ਕਾ ਨਾਸੁ।

ਦੁਖਾਂ ਤੇ ਪਾਪਾਂ ਤੋਂ ਕਿਹੜਾ ਜੀਵ ਹੈ ਜਿਹੜਾ ਛੁਟਕਾਰਾ ਪਾਣਾ ਨਹੀਂ ਚਾਹੁੰਦਾ? ਇਹ ਪੰਗਤੀਆਂ ਮਨ ਨੂੰ ਸਥਿਰ ਕਰਨ ਵਿੱਚ ਬੜੀਆਂ ਸਹਾਈ ਹੁੰਦੀਆਂ ਹਨ। ਮਨ ਵਿਕਾਰਾਂ ਦਾ ਤਿਆਗ ਛੱਡ ਸਿਫ਼ਤ ਸਲਾਹ ਵਿੱਚ ਲੱਗ ਜਾਂਦਾ ਹੈ। ਮੰਨੈ ਦੀਆਂ ਚਾਰ ਅਗਲੀਆਂ ਪਉੜੀਆਂ ਵਿੱਚ:-

ਐਸਾ ਨਾਮੁ ਨਿਰੰਜਨੁ ਹੋਇ।।

ਜੇ ਕੋ ਮੰਨਿ ਜਾਣੈ ਮਨਿ ਕੋਇ।।

ਜਿਸਦੀ ਲਗਨ ਨਾਮ ਵਿੱਚ ਲੱਗ ਗਈ ਹੈ, ਉਸਦੀ ਆਤਮਕ ਅਵਸਥਾ ਦਾ ਅੰਦਾਜ਼ਾ ਲਾਣਾ ਕਠਿਨ ਹੈ। ਅਗਲੀਆਂ ਚਾਰ ਪਉੜੀਆਂ ਵਿੱਚ:-

ਕੁਦਰਤਿ ਕਵਣ ਕਹਾ ਵੀਚਾਰੁ।।

ਵਾਰਿਆ ਨ ਜਾਵਾ ਏਕ ਵਾਰੁ।।

ਜੋ ਤੁਧੁ ਭਾਵੈ ਸਾਈ ਭਲੀ ਕਾਰੁ।।

ਤੂ ਸਦਾ ਸਲਾਮਤਿ ਨਿਰੰਕਾਰੁ।।

ਪ੍ਰਭੂ ਦੀਆਂ ਵਡਿਆਈਆਂ ਜਾਣਕੇ, ਉਸ ਤੋਂ ਸਦਕੇ ਹੋਣ ਨੂੰ ਜੀ ਕਰਦਾ ਹੈ। ਉਸ ਦੀ ਰਜ਼ਾ ਵਿੱਚ ਰਹਿਣ ਨੂੰ ਜੀਆ ਕਰਦਾ ਹੈ, ਤੇ ਚੰਗਾ ਲਗਦਾ ਹੈ। ਅਗਲੀ ਪਉੜੀ ਦੇ ਬਚਨ:-

ਆਪੇ ਬੀਜਿ, ਆਪੇ ਹੀ ਖਾਹੁ।।

ਨਾਨਕ, ਹੁਕਮੀ ਆਵਹੁ ਜਾਹੁ।।

ਬੜਾ ਵਿਚਾਰ ਭਰਿਆ, ਫੈਸਲੇ-ਕੁਨ ਹੁਕਮ ਅਥਵਾ ਦੈਵੀ ਵਿਧਾਨ ਦਰਸਾਇਆ ਹੈ। ਬਹੁਤ ਮਹਤਵ ਕੁਨ ਫੈਸਲਾ ਹੈ। ਜੋ ਕੋਈ ਬੀਜੇ ਉਹੀ ਖਾਏ।। ਇਹੋ ਹੁਕਮ ਹੈ- ਇਸੇ ਵਿਧੀ-ਵਿਧਾਨ ਨਾਲ ਸਾਰੀ ਸ੍ਰਿਸਟੀ ਚਲ ਰਹੀ ਹੈ। ਉਹ ਪ੍ਰਭੂ ਬਹੁਤ ਵਡਾ ਹੈ, ਉਸਦੀ ਵਡਿਆਈ ਉਸ ਤੋਂ ਵੀ ਵਡੀ ਹੈ ਉਸਦੇ ਕੀਤੇ, ਹੀ ਜੋ ਸਭ ਕੁਝ ਜਗਤ ਵਿੱਚ ਹੋ ਰਿਹਾ ਹੈ।।

ਨਾਨਕ ਵਡਾ ਆਖੀਐ, ਆਪੇ ਜਾਣੈ ਆਪੁ

ਉਹ ਪ੍ਰਭੂ ਬਹੁਤ ਵਡਾ ਹੈ, ਪਰ ਕਿੰਨਾ ਵਡਾ? ਉਹ ਆਪ ਹੀ ਜਾਣੇ। ਐ ਮਨੁੱਖ! ਤੂੰ ਉਸਦੀਆਂ ਵਡਿਆਈਆਂ ਗਿਣਨ ਵਿੱਚ ਨ ਪਉ, ਤੂੰ ਉਸਦੀ ਸਿਫ਼ਤ ਸਾਲਾਹੁ ਵਿਚ ਲੱਗ:-

ਅੰਤੁ ਨ ਸਿਫਤੀ, ਕਹਿਣ ਨ ਅੰਤੁ॥

ਜਿਸ ਨੋ ਬਖਸ਼ੇ ਸਿਫ਼ਤਿ ਸਾਲਾਹ।.

ਨਾਨਕ ਪਾਤਸਾਹੀ ਪਾਤਿਸਾਹੁ॥

ਸਭ ਉਸ ਪ੍ਰਭੂ ਦੀਆਂ ਸਿਫ਼ਤਾਂ ਗਾ ਰਹੇ ਹਨ। ਕੌਣ ਕੌਣ?

ਕੇਤੇ ਰਾਗ ਪਰੀ ਸਿਉ ਕਹੀਅਨ, ਕੇਤੇ ਗਾਵਣ ਹਾਰੇ॥

ਗਾਵਹਿ ਤੁਹਨੋ, ਪਉਣ ਪਾਣੀ ਬੈਸਤੰਰੁ, .

ਗਾਵੈ ਰਾਜਾ ਧਰਮੁ ਦੁਆਰੇ॥

''ਸੋਈ ਤੁਧੁ ਨੋ ਗਾਵਹਿ, ਜੋ ਤੁਧੁ ਭਾਵ੍ਨਿ,''

ਇਸ ਪਦ ਦਾ ਗਾਇਣ ਕਰਦਿਆਂ, ਸੰਗੀਤਕਾਰ ਸਾਧਕ ਦਾ ਮਨ ਆਪ ਮੁਹਾਰਾ ਨਿੱਤ ਜਪੁਜੀ ਸਾਹਿਬ ਗਾਇਣ ਕਰਨ ਨੂੰ ਕਰਦਾ ਹੈ। ਅਗਲੀਆਂ ਚਾਰੁ ਪਉੜੀਆਂ ਫੇਰ ਐਨੀਆਂ ਰਾਗਾਤਮਕ ਹਨ:-

ਆਦੇਸ ਤਿਸੈ ਆਦੇਸੁ॥

ਆਦਿ ਅਨੀਲੁ ਅਨਾਦਿ, ਅਨਾਹਤਿ

ਜੁਗੁ ਜੁਗੁ ਏਕੋ ਵੇਸੁ॥

ਉਹ ਪ੍ਰਭੂ ਸਦਾ ਸਥਿਰ ਰਹਿਣ ਵਾਲਾ ਹੈ, ਆਦਿ ਕਾਲ ਤੋਂ ਹੈ, ਅਵਿਨਾਸ਼ੀ ਅਤੇ ਸਦਾ ਸਦਾ ਇੱਕ ਰਸ ਰਹਿੰਦਾ ਹੈ। ਉਸਨੂੰ ਮਿਲਣ ਦਾ ਇਕੋ ਇੱਕ ਸਾਧਨ ਹੈ, ਕਿ ਸਾਧਕ ਦਾ ਰੋਮ ਰੋਮ ਜੀਭ ਬਣ ਜਾਏ, ਇੱਕ ਇੱਕ (ਰੋਮ) ਜੀਭ ਨਾਲ, ਲੱਖ ਲੱਖ ਵਾਰੀ ਪ੍ਰਭੂ ਦਾ ਨਾਮ ਜਪਿਆ ਜਾਏ। ਹੋਰ ਕੋਈ ਸਾਧਨ ਨਹੀ।

ਇਕ ਦੂ ਜੀਭੌ ਲਖ ਹੋਹਿ

ਲਖ ਹੋਵਹਿ ਲਖ ਵੀਸ॥

ਅਗਲੀਆਂ ਪਉੜੀਆਂ ਵਿੱਚ ਗੁਰਦੇਵ ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਦਾ ਵਰਣਨ ਕਰਦੇ ਹਨ।

ਕਰਮੀ ਕਰਮੀ ਹੋਇ ਵੀਚਾਰੁ।

ਸਚਾ ਆਪਿ ਸਚਾ ਦਰਬਾਰੁ॥

ਗਿਆਨ ਖੰਡ ਮਹਿ ਗਿਆਨੁ ਪਰਚੰਡੁ॥

ਤਿਥੈ ਨਾਦ ਬਿਨੋਦ ਕੋਡ ਅਨੰਦੁ॥

ਸਰਮ ਖੰਡ ਕੀ ਬਾਣੀ ਰੂਪੁ।.

ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥

ਜਿਸ ਮੁਖ ਉਤੇ ਬਖ਼ਸ਼ਿਸ਼ ਹੁੰਦੀ ਹੈ, ਉਸਨੂੰ ਸਮਝ ਪੈਂਦੀ ਹੈ ਕਿ ਉਹ ਧਰਤੀ ਉਤੇ ਕੋਈ ਫ਼ਰਜ ਨਿਭਾਉਣ ਆਇਆ ਹੈ। ਮਨੁਖਾ ਜਨਮ ਮਿਲਣ ਦਾ ਕੋਈ ਵਿਸੇਸ਼ ਪ੍ਰਯੋਜਨ ਹੈ।

ਇਉਂ ਮਨੁਖ ਦੀ ਸੁਆਰਥ ਦੀ ਗੰਢ ਖੁਲਦੀ ਹੈ। ਧਰਮ (ਫ਼ਰਜ਼) ਦੀ ਸਮਝ ਆਉਂਦੀ ਹੈ। ਅਗਲੇ ਹੀ ਪੜਾ ਉਤੇ ਵਿਦਿਆ ਅਤੇ ਵਿਚਾਰ ਦੇ ਬਲ ਨਾਲ, ਗਿਆਨ ਉਦੈ ਹੁੰਦਾ ਹੈ। ਸਭ ਭਰਮ ਵਹਿਮ ਦੂਰ ਹੁੰਦੇ ਹਨ। ਮਨ ਦਾ ਸੁਭਾਉ ਬਦਲਨ ਲੱਗਦਾ ਹੈ। ਗ਼ਲਤ ਆਦਤਾਂ, ਗਿਆਨ ਦੇ ਪਰਕਾਸ਼ ਨਾਲ ਰੂਪ ਬਦਲਦੀਆਂ ਹਨ। ਸੁਰਤਿ ਪ੍ਰਭੂ ਚਰਨਾ ਨਾਲ ਜੁੜਦੀ ਹੈ। ਸਾਧਕ ਦੀ ਸਮਝ ਸੋਝੀ ਦੇਵਤਿਆਂ ਵਰਗੀ ਹੋ ਜਾਂਦੀ ਹੈ। ਕਰਮ ਖੰਡ ਵਿੱਚ, ਮਾਲਕ ਦੀ ਮੇਹਰ ਹੁੰਦੀ ਹੈ। ਆਤਮਾ ਵਿਕਾਰ ਰਹਿਤ ਹੁੰਦੀ ਹੈ। ਮਨ, ਪ੍ਰਭੂ ਨਾਲ ਜੁੜਿਆ ਰਹਿੰਦਾ ਹੈ ਸਦਾ ਖੇੜੇ ਵਿੱਚ ਰਹਿੰਦਾ ਹੈ।

''ਸਚ ਖੰਡਿ ਵਸੈ ਨਿਰੰਕਾਰੁ॥

ਕਰਿ ਕਰਿ ਵੇਖੈ ਨਦਰਿ ਨਿਹਾਲੁ॥

ਇਸ ਅਵਸਥਾ ਵਿੱਚ ਹਰ ਪਾਸੇ ਪ੍ਰਭੂ ਹੀ ਪ੍ਰਭੂ ਨਜ਼ਰ ਆਉਂਦਾ ਹੈ। ਇਹ ਅਵਸ਼ਥਾ ਅਵਰਨੀਯ ਹੈ।

ਭਾਂਡਾ ਭਾਉ, ਅੰਮ੍ਰਿਤ ਤਿਤੁ ਢਾਲਿ॥

ਘੜੀਐ ਸਬਦ, ਸਚੀ ਟਕਸਾਲਿ॥

ਪ੍ਰਭੂ-ਪ੍ਰੇਮ ਦੇ ਬਰਤਨ ਵਿੱਚ ਅੰਮ੍ਰਿਤ ਖਾਣਾ ਸ਼ਬਦ ਦਾ, ਜਿਹੜਾ ਜਤ, ਧੀਰਜ, ਮਤ, ਗਿਆਨੁ, ਪ੍ਰਭੂ ਦੇ ਭਉ ਆਦਿ ਗੁਣਾਂ ਦੁਆਰਾ ਤਿਆਰ ਹੋਇਆ ਹੈ। ਪ੍ਰਭੂ ਦੇ ਨਾਮ-ਸ਼ਬਦ ਦਾ ਜਾਪ ਕਰਨਾ·ਉਸ ਨਾਲ ਕੂੜ ਦੀ ਦੀਵਾਰ ਟੁੱਟ ਜਾਂਦੀ ਹੈ। ਸੱਚ ਦਾ ਪਰਕਾਸ਼ ਹੋ ਜਾਂਦਾ ਹੈ।

''ਪਵਣੁ ਗੁਰੂ, ਪਾਣੀ ਪਿਤਾ, ਮਾਤਾ ਧਰਤਿ ਮਹਤੁ॥''

ਪਵਣ, ਬ੍ਰਹਿਮੰਡੀ ਤੰਤੀ-ਸਾਜ਼ ਦੀ ਗੁਰੂ ਤਾਰ ਹੈ, ਪ੍ਰਾਣ, ਸ੍ਵਾਸ, (ਸਲੋਕ ਅੰਡ ਤੰਤੀ ਸਾਜ ਦੀ ਗੁਰੂ ਤਾਰ ਹੈ। )

ਪਾਣੀ-ਪਿਤਾ ਤਾਰ ਹੈ, ਧਰਤੀ ਮਾਤਾ ਤਾਰ ਹੈ, ਦਿਨ ਅਤੇ ਰਾਤ ਖਿਡਾਵਾ ਅਤੇ ਖਿਡਾਵੀ ਹਨ। ਸਾਰਾ ਜਗਤ ਖੇਡ ਰਿਹਾ ਹੈ। ਦਿਨੇ ਕਾਰ ਵਿਹਾਰ ਅਤੇ ਰਾਤ ਨੂੰ ਸੌਣ ਵਿੱਚ ਜੀਵ ਦੇ ਚੰਗੇ ਮੰਦੇ ਕਰਮ, ਧਰਮ ਰਾਜ ਦੀ ਹਜੂਰੀ ਵਿੱਚ ਪਰਖੇ ਜਾਂਦੇ ਹਨ। ਕੀਤੇ ਹੋਏ ਕਰਮਾਂ ਦੇ ਅਨੁਸਾਰ, ਪ੍ਰਭੂ ਨਾਲ ਨੇੜਤਾ ਤੇ ਦੂਰੀ ਹੋਣੀ ਹੈ। ਜਿਨਾਂ ਨੇ ਨਾਮ ਜਪਿਆ ਹੈ, ਉਨਾਂ ਦੀ ਮੇਹਨਤ ਸਫ਼ਲ ਹੋ ਗਈ ਹੈ। ਉਨਾਂ ਦੇ ਮੂੰਹ ਉਜਲੇ ਹਨ। ਉਨਾਂ ਦੀ ਸੰਗਤ ਵਿੱਚ ਕਈ ਹੋਰ ਤਰ ਜਾਂਦੇ ਹਨ। ਇਉ ਜਪੁਜੀ ਸਾਹਿਬ ਬ੍ਰਹਮ ਗੀਤ-ਸੰਗੀਤ ਸੰਗ ਰਲਕੇ ਰਸ ਘੋਲ ਘੋਲ ਕੇ ਸਾਧਕ ਨੂੰ ਪਿਆਉਂਦਾ ਹੈ।

# ਗੁਰੂ ਕਾਵਿ ਵਿੱਚ ਕਾਵਿ-ਰੂਪ ਅਤੇ ਸੰਗੀਤ ਦਾ ਸੰਬੰਧ

**ਡਾ. ਜਾਗੀਰ ਸਿੰਘ**

**ਜੁਲਾਈ, 1993 ਅੰਕ ਤੋਂ ਅੱਗੇ**

ਡਾਕਟਰ ਤਾਰਨ ਸਿੰਘ ਗੁਰੂ ਕਾਵਿ ਦੇ ਸਾਰੇ ਰੂਪ ਵਿਧਾਨ ਨੂੰ ਰਾਗਾਂ ਉੱਤੇ ਅਧਾਰਤ ਕਰਦੇ ਹਨ। ਆਪ ਲਿਖਦੇ ਹਨ, ''ਰਾਗ ਦੇ ਗਾਇਨ ਤੇ ਜਿਸ ਘਰ ਜਾਂ ਤਾਲ ਵਿੱਚ ਸ਼ਬਦ ਗਾਇਨ ਹੋਣਾ ਹੈ- ਨੇ ਛੰਦ ਚਾਲ ਨੂੰ ਨਿਸਚਿਤ ਕਰਨਾ ਹੁੰਦਾ ਹੈ - ਲੈ, ਤਾਲ ਤੇ ਕਾਫੀਆਂ ਤਾਂ ਕਵਿਤਾ ਦੀਆਂ ਸੁਭਾਵਕ ਚੀਜਾਂ ਹੀ ਹਨ। ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛੰਦਾਂ-ਬੰਦੀ ਸੰਗੀਤ ਪਿੰਗਲ ਦੀਆਂ ਲੋੜਾਂ ਅਧੀਨ ਹੈ, ਨਾ ਕੇਵਲ ਛੰਦਾਂ-ਦੀ ਸਗੋਂ ਪਦਿਆਂ ਦੇ ਅੰਗਾਂ ਦੀ ਵੰਡ ਸਥਾਈ, ਅੰਤਰਾਂ, ਧ੍ਰਵ, ਆਭੋਗ ਵੀ ਰਾਗ ਦੀਆਂ ਲੋੜਾਂ ਅਨੁਸਾਰ ਹੁੰਦੀ ਹੈ।'' ਡਾਕਟਰ ਸਾਹਿਬ ਅੱਗੇ ਜਾ ਕੇ ਹੋਰ ਲਿਖਦੇ ਹਨ, ''ਕਾਵਿ ਪਿੰਗਲ ਦੀ ਸਾਧਨਾਂ ਮਗਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਵੀਆਂ ਨੇ ਲਿਖਣਾ ਸ਼ੁਰੂ ਨਹੀਂ ਕੀਤਾ ਸਗੋਂ ਸਰੋਦੀ ਹੂਕ ਦੇ ਧੁਰ ਅੰਦਰੋਂ ਉਠਣ ਨਾਲ ਰਚਨਾ ਕੀਤੀ ਹੈ - ਰਚਨਾ ਲਿਖੀ ਨਹੀਂ ਗਾਂਵੀ ਹੈ। ਗੁਰੂ ਨਾਨਕ ਸਾਹਿਬ ਸਿੱਧੇ ਗਾਇਨ ਕਰਦੇ ਸਨ, ਜਦੋਂ ਆਪ ਨੂੰ ਬਾਣੀ ਖਸਮ ਵੱਲੋਂ ਆਉਂਦੀ ਸੀ - ਇਸ ਲਈ ਛੰਦ-ਚਾਲ ਰਾਗ ਨਿਸਚਿਤ ਕਰਦਾ ਸੀ ਨਾ ਕਿ ਪਹਿਲਾਂ ਆਪ ਕਿਸੇ ਛੰਦ ਦੀ ਪਾਬੰਦੀ ਵਿੱਚ ਰਚਨਾ ਕਰਦੇ ਤੇ ਮਗਰੋਂ ਕਿਸੇ ਰਾਗ ਵਿੱਚ ਗਾਉਦੇ।''[1]

ਉਪਰੋਕਤ ਚਰਚਾ ਤੋਂ ਇੰਜ ਲਗਦਾ ਹੈ ਜਿਵੇਂ ਛੰਦ ਅਤੇ ਸੰਗੀਤ ਦਾ ਆਪਸ ਵਿੱਚ ਕੋਈ ਸੰਬੰਧ ਨਹੀਂ। ਪਰ ਭਾਰਤੀ ਸੰਗੀਤ ਅਚਾਰੀਆਂ ਨੇ ਜਿੱਥੇ ਵੱਖ-ਵੱਖ ਸੁਰਾਂ ਨਾਲ ਰਸਾਂ ਨੂੰ ਸੰਬੰਧਤ ਕੀਤਾ ਹੈ ਉਥੇ ਵੱਖ ਵੱਖ ਛੰਦਾਂ ਨੂੰ ਵੀ ਸੁਰਾਂ ਨਾਲ ਸੰਬੰਧਤ ਕੀਤਾ ਹੈ। ਸੰਗੀਤ ਰਤਨਾਕਰ ਵਿੱਚ ਪੁਰਾਤਨ ਸੰਸਕ੍ਰਿਤ ਸਾਹਿਤ ਵਿੱਚ ਪ੍ਰਚਲਤ ਕੁਝ ਛੰਦਾਂ ਨੂੰ ਹੇਠ ਲਿਖੇ ਅਨੁਸਾਰ ਵੱਖ ਵੱਖ ਸੁਰਾਂ ਨਾਲ ਸੰਬੰਧਤ ਕੀਤਾ ਗਿਆ ਹੈ:-

| | ਛੰਦ | ਸੁਰ |
|---|---|---|
| 1. | ਅਨੁਸ਼ਟੂਪ | ਸ਼ੜਜ |
| 2. | ਗਾਇਤ੍ਰੀ | ਰਿਸ਼ਭ |
| 3. | ਤ੍ਰਿਸ਼ਟੁਪ | ਗੰਧਾਰ |
| 4. | ਬ੍ਰਹਿਤੀ | ਮਧਮ |
| 5. | ਪੰਕਤੀ | ਪੰਚਮ |
| 6. | ਉਸ਼ਨਿਕ | ਧਵੈਤ |
| 7. | ਜਗਤੀ | ਨਿਸ਼ਾਦ |

ਹੋ ਸਕਦਾ ਹੈ ਪੁਰਾਤਨ ਕਾਲ ਵਿੱਚ ਇਹਨਾਂ ਛੰਦਾਂ ਅਤੇ ਸੁਰਾਂ ਦਾ ਆਪਸ ਵਿੱਚ ਇਸ ਤਰ੍ਹਾਂ ਦਾ ਸੰਬੰਧ ਰਿਹਾ ਹੋਵੇ। ਪਰ ਅੱਜਕਲ ਸੁਰਾਂ ਦਾ ਘਟ ਅਤੇ ਲੈਅ ਦਾ ਬਹੁਤਾ ਧਿਆਨ ਰੱਖਿਆ ਜਾਂਦਾ ਹੈ। ਪ੍ਰਸਿੱਧ ਰੂਸੀ ਕਵੀ ਮਾਇਆਕੋਵਸਕੀ[2] ਤਾਂ ਸਾਰੇ ਕਾਵਿ ਦਾ ਆਧਾਰ ਹੀ ਲੈਅ ਨੂੰ ਮੰਨਦਾ ਹੈ। ਜੇ ਗਹੁ ਨਾਲ ਵੇਖੀਏ ਤਾਂ ਉਹ ਕਵਿਤਾਵਾਂ ਜਿਨ੍ਹਾਂ ਨੂੰ ਛੰਦ ਰਹਿਤ ਜਾਂ ਖੁਲ੍ਹੀਆਂ ਕਵਿਤਾਵਾਂ ਕਿਹਾ ਜਾਂਦਾ ਹੈ ਉਹਨਾਂ ਵਿੱਚ ਵੀ ਇੱਕ ਖਾਸ ਤਰ੍ਹਾਂ ਦੀ ਲੈਅ ਹੁੰਦੀ ਹੈ ਅਤੇ ਇਹ ਲੈਅ ਸੰਗੀਤ ਦੀ ਲੈਅ ਦੇ ਨੇੜੇ ਹੀ ਪੁਜਦੀ ਹੈ। ਛੰਦਹੀਣ ਕਵਿਤਾਵਾਂ ਵਿੱਚ ਲੈਅ ਨਾਪਣ ਲਈ ਨਿਸ਼ਚਿਤ ਵਿਧਾਨ ਨਾ ਵੀ ਨੀਯਤ ਕੀਤਾ ਜਾ ਸਕਦਾ ਹੋਵੇ ਪਰ ਉਹਨਾਂ ਵਿੱਚ ਸੰਗੀਤਾਤਮਕਤਾ ਦਾ ਪ੍ਰਵਾਹ ਜ਼ਰੂਰ ਹੁੰਦਾ ਹੈ। ਇਹ ਸੰਗੀਤਮਈ ਲੈਅ ਵੀ ਕਵਿਤਾ ਅਤੇ ਸੰਗੀਤ ਨੂੰ ਇੱਕ ਦੂਜੇ ਦੇ ਨੇੜੇ ਲੈ ਆਉਂਦੀ ਹੈ। ਸੰਗੀਤ ਵਿੱਚ ਰਾਗ ਦੇ ਨਾਲ ਨਾਲ ਤਾਲ ਦਾ ਵੀ ਬਹੁਤ ਮਹਤਵ ਹੈ। ਤਾਲ ਅਤੇ ਛੰਦ ਦੋਵੇ ਲੈਅ ਦੇ ਆਸਰੇ ਚਲਦੇ ਹਨ। ਛੰਦ ਦੀ ਮਾਤਰਾ ਅਤੇ ਤਾਂਲ ਦੀ ਮਾਤਰਾ ਦਾ ਅਰਥ ਇੱਕ ਹੀ ਹੈ। ਮਾਤਰਾਵਾਂ ਦੀ ਗਿਣਤੀ ਨਾਲ ਸੰਗੀਤ ਵਿੱਚ ਲੈਅ ਵੱਖ ਵੱਖ ਤਾਲਾਂ ਦਾ ਨਿਰਮਾਣ ਹੁੰਦਾ ਹੈ ਅਤੇ ਕਵਿਤਾ ਵਿੱਚ ਇਸੇ ਤਰ੍ਹਾਂ ਮਾਤਰਾਵਾਂ ਦੀ ਗਿਣਤੀ ਨਾਲ ਵੱਖ ਵੱਖ ਛੰਦ ਬਣਦੇ ਹਨ। ਕਵਿੰਤਾ ਦੀ ਲੈਅ ਅਸਲ ਵਿੱਚ ਸਾਡੇ ਵਿਚਾਰਾਂ ਦੀ ਲੈਅ ਹੀ ਹੁੰਦੀ ਹੈ। ਹਰ ਕਾਰਜ ਲੈਅ ਪੂਰਨ ਢੰਗ ਨਾਲ ਕਰਨਾ ਮੱਨੁਖੀ ਫਿਤਰਤ ਵਿੱਚ ਸ਼ਾਮਲ ਹੈ। ਲਗਾਤਾਰ ਚਲਦੇ ਕਾਰਜ ਵਿੱਚ ਅਸੀ ਕਿਤੇ ਕਿਤੇ ਵਕਫੇ ਛਡਦੇ ਹਾਂ ਜਦੋ ਇਹ ਕਾਰਜ ਅਤੇ ਵਕਫੇ ਦੀ ਲਗਾਤਾਰਤਾ ਇੱਕੋ ਜਿਹੀ ਹੋਵੇ ਉਦੋ ਹੀ ਸੰਗੀਤਕਤਾ ਪੈਦਾ ਹੁੰਦੀ ਹੈ। ਜਦੋ ਇਹ ਪ੍ਰਕਿਰਿਆ ਲਗਾਤਾਰ ਨਾ ਹੋਵੇ ਉਦੋ ਸ਼ੋਰ ਪੈਦਾ ਹੁੰਦਾ ਹੈ। ਸੰਗੀਤ ਵਿੱਚ ਪ੍ਰਯੋਗ ਕੀਤੀ ਜਾਣ ਵਾਲੀ ਧੁਨੀ ਵਿੱਚ ਜੇ ਉਸਦੀਆਂ ਲਹਿਰਾਂ ਅਨਿਯਮਤ ਜਾਣ ਤਾਂ ਉਹਨਾਂ ਨੂੰ ਸੰਗੀਤ ਦੀ ਭਾਸ਼ਾ ਵਿੱਚ ਬੇਸੁਰੀਆਂ ਧੁਨੀਆਂ ਕਿਹਾ ਜਾਂਦਾ ਹੈ। ਜੇ ਗਾਉਣ ਦੀ ਲੈਅ ਠੀਕ ਨਾ ਰਹੇ ਤਾਂ 'ਬਤਾਲਾ ਗਾਣਾ' ਕਿਹਾ ਜਾਂਦਾ ਹੈ। ਇਸ ਤਰ੍ਹਾਂ ਲੈਅ ਕਵਿਤਾ ਅਤੇ ਸੰਗੀਤ ਦੋਹਾਂ ਵਿੱਚ ਬੜੀ ਜ਼ਰੂਰੀ ਹੈ। ਕਵਿਤਾ ਵਿੱਚ ਪ੍ਰਯੋਗ ਹੋਣ ਵਾਲੀ ਲੈਅ ਨੂੰ ਜਦੋਂ ਕੁਝ ਕਾਸ ਵਕਫਿਆਂ ਵਿੱਚ ਬੰਨ੍ਹ ਦਿੱਤਾ ਜਾਂਦਾ ਹੈ ਤਾਂ ਛੰਦ ਬਣ ਜਾਂਦਾ ਹੈ। ਭਾਰਤੀ ਸਾਹਿਤ ਵਿੱਚ ਬਹੁਤ ਸਾਰੀਆਂ ਕਵਿਤਾਰਾਂ ਅਜਿਹੀਆਂ ਮਿਲਦੀਆਂ ਹਨ ਜਿਹਨਾਂ ਦੇ ਛੰਦ ਪਹਿਲਾਂ ਨਿਸ਼ਚਿਤ ਕਰ ਲਏ ਜਾਂਦੇ ਹਨ ਫਿਰ ਕਾਵਿ ਰਚਨਾ ਕੀਤੀ ਜਾਂਦੀ ਹੈ। ਅਜਿਹੀਆਂ ਕਾਵਿ ਰਚਨਾਵਾਂ ਵੀ ਉਪਲਭਦ ਹਨ ਜਿਹਨਾਂ ਦਾ ਛੰਦ ਪਹਿਲਾਂ ਨਹੀ ਨੀਯਤ ਕੀਤਾ ਜਾਂਦਾ ਸਗੋ ਕਵੀ ਆਪਣੇ ਕਾਵਿ ਅਨੁਭਵ ਅਨੁਸਾਰ ਕਾਵਿ ਰਚਨਾ ਕਰ ਦਿੰਦਾ ਹੈ ਬਾਦ ਵਿੱਚ ਲੋਕ ਉਸ ਨੂੰ ਛੰਦਾਂ ਅਨੁਸਾਰ ਗਿਣਚੇ-ਮਿਣਦੇ ਰਹਿੰਦੇ ਹਨ। ਪਰ ਜ਼ਰੂਰੀ ਨਹੀਂ ਕਿ ਛੰਦਾਂ ਦਾ ਇਹ ਬੰਧਨ ਹਰ ਕਵਿਤਾ ਤੇ ਲਾਗੂ ਹੋ ਜਾਵੇ। ਖਾਸ ਕਰਕੇ ਜਦੋਂ ਕੋਈ ਕਾਵਿ ਗਾਇਨ ਕਰਨ ਲਈ ਰਚਿਆ ਜਾਂਦਾ ਹੈ ਤਾਂ ਹੋ ਸਕਦਾ ਹੈ ਉਸਦਾ ਰੂਪ ਵਿਧਾਨ ਪੁਰਾਤਰਨ ਛੰਦਾ ਅਨੁਸਾਰ ਨਾ ਹੋਵੇ, ਕਿਉਂਕਿ ਅਜਿਹੀਆਂ ਕਵਿਤਾਵਾਂ ਵਿੱਚ ਤਾਲ ਅਤੇ ਸੁਰ ਨੂੰ ਆਧਾਰ ਬਣਾਇਆ ਜਾਂਦਾ ਹੈ ਜਦੋਂ ਕਿ ਛੰਦ ਬਧ ਕਵਿਤਾ ਆਪਣੀਆਂ ਮਾਤਰਾਵਾਂ ਦੀ ਕੇਦ ਵਿੱਚ ਬਝੀ ਹੁੰਦੀ ਹੈ।

ਸਮੇਂ ਦੀ ਤਬਦੀਲੀ ਅਤੇ ਨਵੇਂ ਸੰਪਰਕਾਂ ਸਦਕਾ ਵਿਸ਼ੇ ਵਿੱਚ ਤਬਦੀਲੀ ਆਉਂਦੀ ਹੈ। ਇਸ ਨਾਲ ਉਸ ਵਿਸ਼ੇ ਨੂੰ ਪ੍ਰਗਟ ਕਰਨ ਦੇ ਰੂਪ ਵਿਚ ਵੀ ਤਬ਼ਦੀਲੀ ਆਉਣੀ ਜ਼ਰੂਰੀ ਹੈ। ਏਸੇ ਸੰਦਰਭ ਵਿੱਚ ਡਾ: ਹਜਾਰੀ ਪ੍ਰਸਾਦ ਦਿਵੇਦੀ[3] ਦਾ ਵਿਚਾਰ ਹੈ ਕਿ ਜਦੋ ਕੋਈ ਜਾਤੀ ਨਵੀਨ ਜਾਤੀਆਂ ਦੇ ਸੰਪਰਕ ਵਿੱਚ ਆਉਂਦੀ ਹੈ ਉਦੋਂ ਉਸ ਵਿੱਚ ਨਵੀਆਂ ਪਰਵਿਰਤੀਆਂ ਆਉਂਦੀਆਂ ਹਨ, ਨਵਾਂ ਆਹਾਰ ਪਰੰਪਰਾ ਦਾ ਪ੍ਰਚਲਨ ਹੁੰਦਾ ਹੈ, ਨਵੇਂ ਕਾਵਿ ਰੂਪਾਂ ਦਾ ਜਨਮ ਹੁੰਦਾ ਅਤੇ ਲੋਕ-ਚਿਤ ਨਵੇਂ ਛੰਦਾਂ ਵੱਲ ਮੁਹਾਰ ਮੋੜ ਲੈਂਦਾ ਹੈ; ਨਵਾਂ ਛੰਦ ਨਵੇ ਮਨੋਭਾਵ ਦੀ ਸੂਚਨਾ ਦਿੰਦਾ ਹੈ। ਜਿਥੇ ਨਵਾਂ ਛੰਦ ਨਵੇ ਮਨੋਭਾਵ ਵੱਲ ਸੰਕੇਤ ਕਰਦਾ ਹੈ ਉਥੇ ਨਰਾਂ ਮਨੋਭਾਵ ਆਪਣੇ ਜ਼ੁੱਸੇ ਅਨੁਸਾਰ ਨਵੇਂ ਛੰਦ ਦੀ ਮੰਗ ਕਰਦਾ ਹੈ। ਕਈ ਜ਼ਰੂਰੀ ਨਹੀਂ ਕਿ ਹਰ ਕਰੀ ਪੁਰਤਾਨ ਛੰਦ ਪ੍ਰਬੰਧ ਵਿੱਚ ਪ੍ਰਬੀਨ ਹੋਵੇ ਸਗੋਂ ਉਸ ਕੋਲ ਵਿਸ਼ਾ ਕਵਿਤਾ ਵਾਲਾ ਹੋਣਾ ਚਾਹੀਦਾ ਹੈ ਅਤੇ ਪ੍ਰਗਟ ਕਰਨ ਦੀ ਤੀਬਰ ਇੱਛਾ, ਛੰਦ ਉਸਨੂੰ ਆਪਣੇ ਆਪ ਲੱਭ ਪਵੇਗਾ. ਡਾ. ਨਾਮਵਰ ਸਿੰਘ[4] ਅਨੁਸਾਰ ਕੋਈ ਕਵੀ ਛੰਦ ਦੀ ਪ੍ਰਬੀਨਤਾ ਨਾਲ ਉੱਤਮ ਨਹੀਂ ਬਣ ਜਾਂਦਾ ਸਗੋਂ ਉਸ ਦੀ ਉੱਤਮਤਾ ਉਸਦੇ ਵਿਚਾਰ ਦੇ ਅਧਾਰਤ ਹੁੰਦੀ ਹੈ। ਕਹਿਣ ਨੂੰ ਗੱਲ ਚਾਹੀਦੀ ਹੈ ਸ਼ੈਲੀ ਤਾਂ ਉਸ ਕਹਿਣ ਦੇ ਆਵੇਗ ਜਾਂ ਇੱਛਾਂ ਨਾਲ ਆਪਣੇ ਆਪ ਬਣ ਜਾਂਦੀ ਹੈ। ਇਸੇ ਲਈ ਭਗਤ ਕਵੀ, ਸਿਹਾਰੀ ਵਰਗੇ ਸ਼ਬਦ ਲਿਪਿਆਂ ਤੋਂ ਵੀ ਵਧੇਰੇ ਹਰਮਨ ਪਿਆਰੇ ਹੋਣ ਵਿੱਚ ਕਾਮਯਾਬ ਹੋਏ ਹਨ। ਗੱਲ ਕਹਿਣ ਦੇ ਆਵੇਗ ਬਾਰੇ ਲੋਨਜਾਈਨਸ[5] ਦਾ ਵਿਚਾਰ ਹੈ ਕਿ ਜੋ ਆਵੇਗ ਮਤਵਾਲੇ ਉਤਸਾਹ ਦੇ ਪਰਚੰਗ ਵੇਗ ਨਾਲ ਫੁੱਟ ਪੈਂਦਾ ਹੈ ਅਤੇ ਇੱਕ ਤਰ੍ਹਾਂ ਨਾਲ ਵਕਤਾ ਦੇ ਸ਼ਬਦਾਂ ਨੂੰ ਬਲ ਨਾਲ ਭੋਰਪੂਰ ਕਰ ਦਿੰਦਾ ਹੈ ਉਸ ਦੇ ਯਥਾ ਸਥਾਨ ਵਿਅਕਤ ਹੋਣ ਨਾਲ ਸੁਰ ਵਿੱਚ ਜਿਹੜਾ ਉਦਾਤ ਆਉਂਦਾ ਹੈ, ਉਹ ਹੋਰ ਥਾਂ ਦੁਰਲਭ ਹੈ। ਇਸ ਤਰ੍ਹਾਂ ਆਪਣਾ ਭਾਵ ਪ੍ਰਗਟ ਕਰਨ ਦੀ ਇੱਛਾ ਵੀ ਕਾਵਿ ਵਿੱਚ ਕਾਸ ਤਰ੍ਹਾਂ ਦੀ ਸੰਗੀਤਕਤਾ ਲਿਆਉਦੀ ਹੈ। ਹਰ ਮੌਲਿਕ ਵਿਚਾਰ ਮੌਲਿਕ ਛੰਦ ਵਿੱਚ ਹੀ ਪ੍ਰਗਟ ਹੋ ਸਕਦਾ ਹੈ ਇਸ ਬਾਰੇ ਹਡਸਨ ਨੇ ਕਿਹਾ ਹੈ, ''ਉਸ ਨੂੰ ਕਹਿਣ ਲਈ ਆਪਣੀ ਹੀ ਸ਼ੈਲੀ ਲਭ ਪੈਂਦੀ ਹੈ ਜਿਸ ਨੇ ਕੁਝ ਨਿਜੀ ਤਜਰਬੇ ਵਿਚੋਂ ਕਹਿਣਾ ਹੋਵੇ।''[6] ਉਪਰੋਕਤ ਚਰਚਾ ਤੋਂ ਇਹ ਨਤੀਜਾਂ ਨਹੀਂ ਕੱਢ ਲੈਣਾ ਚਾਹੀਦਾ, ਕਿ ਪੁਰਾਣੇ ਛੰਦ ਨਵੀ ਰਚਨਾ ਤੇ ਬਿਲਕੁਲ ਹੀ ਅਸਰ ਨਹੀਂ ਕਰਦੇ ਸਗੋਂ ਪੁਰਾਣੇ ਛੰਦ ਜਾਂ ਕਾਵਿ ਰੂਪਾਂ ਬਾਰੇ ਨਜ਼ਮ ਹੁਸੈਨ ਸੱਯਦ ਦਾ ਕਥਨ ਬੜਾ ਢੁਕਵਾ ਹੈ, ''ਬੋਹੜ ਜਿਹੀ ਮਿਸਾਲ ਏ ਪਈ ਰੀਤ ਜੜ੍ਹ ਦੀ ਥਾਵੇ ਹੋਂਦੀ ਏ ਤੇ ਕਿਸੇ ਇੱਕ ਸਮੇਂ ਦੀ ਸ਼ਾਇਰੀ ਪਤਰਾਂ ਦੀ ਥਾਵੇਂ। ਰੀਤ ਹੁਣ ਦੇ ਸ਼ਾਇਰ ਦੀ ਹਯਾਤੀ ਦਾ ਵਸੀਲਾ ਤਾਂ ਹੈ ਏ। ਉਹ ਹੁਣ ਦੇ ਸ਼ਾਇਰ ਦਾ ਭੋਇ ਦੀਆਂ ਲੁਕੀਆਂ ਪੱਧਰਾ ਨਾਲ ਤੇ ਸਮੇਂ ਦਿਆਂ ਵਿਸਰਿਆਂ ਗੇੜਾਂ ਨਾਲ ਜੋੜ ਤੇ ਜੋੜਦੀ ਏ ਪਰ ਉਹ ਹੁਣ ਦੇ ਸ਼ਾਇਰ ਦੀ ਕਲਾ ਦੁਆਲੇ ਲਫਜ਼ਾਂ, ਤਾਲਾਂ ਯਾ ਮਜ਼ਲੂਮਾਂ ਦੀ ਕਿਸੇ ਇੱਕ ਢੋਣ ਦਾ ਬੰਨ੍ਹ ਨਹੀਂ ਮਾਰਦੀ।''[7] ਇਸ ਤਰ੍ਹਾਂ ਜ਼ਰੂਰੀ ਨਹੀਂ ਕਿ ਗੁਰੂ ਕਵੀਆਂ ਦੀ ਹਰ ਰਚਨਾ ਵਿਚੋਂ ਅਸੀਂ ਇੰਨ ਬਿੰਨ ਪੁਰਾਤਨ ਛੰਦਾ ਨੂੰ ਲੱਭਣ ਦਾ ਜਤਨ ਕਰੀਏ। ਨਵੇਂ ਵਿਚਾਰਾਂ ਅਨੁਸਾਰ ਉਹਨਾਂ ਵਿੱਚ ਤਬਦੀਲੀ ਵੀ ਆ ਗਈ ਹੈ।

ਗੁਰੂ ਕਾਵਿ ਵਿੱਚ ਛੰਦਾਂ ਦੀ ਤਬਦੀਲੀ ਦਾ ਦੂਸਰਾ ਕਾਰਣ ਸੰਗੀਤ ਨੂੰ ਮੰਨਿਆਂ ਜਾਂਦਾ ਹੈ। ਇਸ ਸਬੰਧੀ ਅਸੀਂ ਪੰਜਾਬੀ ਦੇ ਵਿਦਵਾਨਾਂ ਦੇ ਹਵਾਲੇ ਦੇ ਚੁੱਕੇ ਹਾਂ। ਇਥੇ ਹਿੰਦੀ ਪ੍ਰਸਿੱਧ ਵਿਦਵਾਨ ਅਤੇ ਭਾਰਤੀ ਸੰਗੀਤ ਖੇਤਰ ਦੇ ਪ੍ਰਸਿੱਧ ਵਿਚਾਰਕ ਅਚਾਰੀਆ ਬ੍ਰਹਿਸਪਤੀ ਦਾ ਹਵਾਲਾ ਦੇਣਾ ਉਚਿੱਤ ਸਮਝਦੇ ਹਾਂ। ਆਪ ਲਿਖਦੇ ਹਨ, ''ਗਾਇਨ ਕੀਤੀਆਂ ਜਾਣ ਵਾਲੀਆਂ ਰਚਨਾਵਾਂ ਦਾ ਛੰਦ ਬੱਧ ਹੋਣਾ ਜ਼ਰੂਰੀ ਨਹੀਂ, ਰਾਗ ਅਤੇ ਤਾਲ ਦੇ ਸਾਹਮਣੇ ਛੰਦ ਨੂੰ ਆਤਮ ਸਮਰਪਣ ਕਰਨਾ ਪੈਂਦਾ ਹੈ ਕਿਉਂਕਿ ਲੋੜ ਅਨੁਸਾਰ ਸੁਰਾਂ ਦਾ ਲੁਪਤ ਰੂਪ ਵੀ ਗਾਇਨ ਵਿੱਚ ਸ਼ਾਮਲ ਹੁੰਦਾ ਹੈ। ਇਸ ਤਰ੍ਹਾਂ ਦਾ ਉਚਾਰਨ ਗਾਇਨ ਦੇ ਘੇਰੇ ਵਿੱਚ ਤਾਂ ਸਮਾ ਜਾਂਦਾ ਹੈ ਪਰ ਛੰਦ ਵਿੱਚ ਇਸ ਦੇ ਲਈ ਖੁੱਲ੍ਹ ਨਹੀਂ ਹੈ ਇਸੇ ਲਈ ਸਵਾਮੀ ਹਰਿਦਾਸ ਵਰਗੇ ਸ਼ਿਰੋਮਣੀ ਵਾਗਯੇਕਾਰ[8] ਦੀਆਂ ਰਚਨਾਵਾਂ ਛੰਦਹੀਣ ਹੋਣ ਕਾਰਣ ਹੀ ਅਚਾਰੀਆ ਰਾਮਚੰਦਰ ਸਕੂਲ ਨੂੰ ਊਬੜ-ਖਾਬੜ ਦਿਸੀਆਂ।[9] ਇਸੇ ਤਰ੍ਹਾਂ ਗੁਰੂ ਕਾਵਿ ਦੇ ਰੂਪ ਵਿਧਾਨ ਦਾ ਅਧਿਐਨ ਕਰਨ ਲਈ ਪੁਰਾਤਨ ਛੰਦ-ਸ਼ਾਸਤਰ ਨੂੰ ਅਧਾਰ ਨਹੀਂ ਬਣਾਇਆ ਜਾ ਸਕਦਾ। ਭਾਈ ਕਾਹਨ ਸਿੰਘ ਨਾਭਾ[10] ਨੇ ਗੁਰੂ ਕਾਵਿ ਵਿੱਚੋਂ ਪੁਰਾਤਨ ਛੰਦਾਂ ਦੀਆਂ ਕੁਝ ਵੰਨਗੀਆਂ ਲਭੀਆਂ ਹਨ। ਅਸੀਂ ਵੱਖ-ਵੱਖ ਕਾਵਿ ਰੂਪਾਂ ਦੇ ਅਧਿਐਨ ਵੇਲੇ ਉਹਨਾਂ ਛੰਦਾਂ ਦੇ ਰਾਗ ਦੇ ਆਪਸੀ ਸੰਬੰਧ ਦਾ ਵੀ ਅਧਿਐਨ ਕਰਾਂਗੇ।

## ਹਵਾਲੇ

1. ਤਾਰਨ ਸਿੰਘ (ਡਾ.) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਿਕ ਇਤਿਹਾਸ, ਪੰਨਾ 92
2. ਮਾਇਆਕੋਵਸ਼ਕੀ, ''ਕਵਿਤਾਏ ਕੈਸੇ ਬਨਾਈ ਜਾਏ'', ਲੇਖਨ ਕਾਲ ਔਰ ਰਚਨਾ ਕੌਸ਼ਲ, ਪੰਨਾ 183
3. ਹਿੰਦੀ ਸਾਹਿਤ ਦਾ ਆਦਿ ਕਾਲ, ਪੰਨਾ 90
4. ਨਾਮਵਰ ਸਿੰਘ, ਇਤਿਹਾਸ ਔਰ ਅਲੋਚਨਾ, ਪੰਨਾ 26
5. ਕਾਵਯ ਮੈਂ ਉਦਾਤ, ਤਤਵ, ਅਨੁ: ਅਚਾਰੀਆਂ ਨਗੇਂਦਰ
6. A man who has something really personal to say will seldom fail to find a really personal way in which to say it.
   ਹਵਾਲਾ ਪ੍ਰਕਾਸ਼ ਸਿੰਘ, ਗੁਰੂ ਗ੍ਰੰਥ ਵਿੱਚ ਨਿਬੰਦ ਕਾਵਿ, ਗੁਰਮਤਿ ਸਾਹਿਤ, ਭਾਸ਼ਾ ਵਿਭਾਗ, ਪੰਜਾਬ, ਪੰਨਾ 47
7. ਨਜ਼ਮ ਹੁਸੈਨ ਸਯਦ, ਸੈਧਾਂ?, ਪੰਨਾ 75
8. 'ਵਾਕ' ਅਤੇ 'ਗੈਯਾ' ਦੋਹਾਂ ਦਾ ਕਰਤਾ ਨੂੰ ਵਾਗਯੇਕਾਰ ਕਿਹਾ ਜਾਂਦਾ ਹੈ। ਸੰਗੀਤ ਚਿੰਤਾਮਣੀ ਪੰਨਾ 404
9. ਸੰਗੀਤ ਚਿੰਤਾਮਣੀ ਪੰਨਾ 404
10. ਗੁਰ ਛੰਦ ਦਿਵਾਕਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

# ਪ੍ਰੋ. ਕੁਲਵੰਤ ਸਿੰਘ ਚੰਦਨ



| | | |
|---|---|---|
| **ਨਾਮ** | : | ਪ੍ਰੋ. ਕੁਲਵੰਤ ਸਿੰਘ ''ਚੰਦਨ'' |
| **ਪਿਤਾ ਦਾ ਨਾਂ** | : | ਗਿ: ਚਰਨ ਸਿੰਘ ਜੀ |
| **ਜਨਮ ਅਸਥਾਨ** | : | ਪਿੰਡ ਖਾਰਵਨ, ਜ਼ਿਲਾ ਯਮਨਾ ਨਗਰ, (ਹਰਿਆਣਾ) |
| **ਪਿਤਾ ਦਾ ਕੰਮ ਕਾਰ** | : | ਰਾਗੀ ਅਤੇ ਗ੍ਰੰਥੀ, ਸੁਲਝੇ ਹੋਏ ਰਹਿਤਵਾਨ ਸਿੰਘ ਹਨ। |
| **ਵਿਦਿਅਕ ਯੋਗਤਾ** | : | ਕੁਝ ਖਾਸ ਕਾਰਨਾ ਕਰਕੇ ਬੀ. ਏ. ਪਾਰਟ ਸੈਕਿੰਡ ਵਿੱਚੋਂ ਪੜ੍ਹਾਈ ਛੱਡ ਦਿੱਤੀ। |
| **ਸਕੂਲ/ਕਾਲਜ਼ ਦਾ ਨਾਂ** | : | ਮੁਕੰਦ ਲਾਲ ਨੈਸ਼ਨਲ ਕਾਲਜ਼, ਯਮਨਾ ਨਗਰ। |
| ਕੀਰਤਨ ਸਬੰਧੀ **ਯੋਗਤਾਵਾਂ** | : | ਐਮ.ਏ. ਸੰਗੀਤ ਕਲਾਸੀਕਲ ਵੋਕਲ ਅਤੇ ਤਬਲਾ ਬੀ.ਏ. (ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ) |

**ਪ੍ਰਸ਼ਨ** – ਸੰਗੀਤ ਦਾ ਸ਼ੋਕ ਕਦੋਂ ਅਤੇ ਕਿਵੇਂ ਲੱਗਾ?

**ਉੱਤਰ** – ਬਚਪਨ ਤੋਂ ਹੀ ਸੰਗੀਤ ਦੀ ਲਗਨ ਪਿਤਾ ਜੀ, ਅਤੇ ਦਾਦਾ ਜੀ ਤੋਂ ਲੱਗੀ। ਦਾਦਾ ਜੀ ( ਗਿਆਨੀ ਆਤਮਾ ਸਿੰਘ ਜੀ ਬੜੇ ਸੁਲਝੇ ਹੋਏ ਕੀਰਤਨਏ ਅਤੇ ਸੰਤ ਸੁਭਾ ਵਾਲੇ ਸਨ, ਅਤੇ ਪਾਕਿਸਤਾਨ ਬਣਨ ਤੋਂ ਪਹਿਲਾਂ ਸੰਨ 1932-33 ਵਿੱਚ ਲਾਹੌਰੋਂ ਆ ਕੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਕੀਰਤਨ ਕਰਦੇ ਸਨ) ਮੁੱਢਲੀ ਵਿੱਦਿਆ ਪਿਤਾ ਜੀ ਤੋਂ ਪ੍ਰਾਪਤ ਕੀਤੀ।

**ਪ੍ਰਸ਼ਨ** - ਸੰਗੀਤ ਸਿੱਖਿਆਂ ਕਿਥੋਂ ਪ੍ਰਾਪਤ ਕੀਤੀ?

**ਉੱਤਰ** - ਸੰਗੀਤ ਸਿੱਖਿਆਂ ਪਠਾਨਕੋਟ (ਪੰਜਾਬ) ਯਮਨਾ ਨਗਰ, (ਹਰਿਆਣਾ) ਦਿੱਲੀ ਵਿੱਚ ਵੱਖ-ਵੱਖ ਉਸਤਾਦਾ ਕੋਲੋਂ ਪ੍ਰਾਪਤ ਕੀਤੀ।

**ਪ੍ਰਸ਼ਨ** - ਸੰਗੀਤ ਸੱਖਿਆ ਕਿਸ ਕੋਲੋਂ ਪ੍ਰਾਪਤ ਕੀਤੀ?

**ਉੱਤਰ** - ਉਸਤਾਦਾਂ ਦੇ ਨਾਂ -

(1) ਪਠਾਨਕੋਟ ਵਿੱਚ ਭਾਈ ਬਲਕਾਰ ਸਿੰਘ ਜੀ (ਨੇਤ੍ਰਹੀਣ) ਜੋ ਕਿ ਭਾਈ ਜਸਵੀਰ ਸਿੰਘ ਪਠਾਨਕੋਟ ਵਾਲਿਆਂ ਨਾਲ ਸਹਾਇਕ ਰਾਗੀ ਹਨ।

(2) ਯਮਨਾ ਨਗਰ ਵਿੱਚ ਮੁਕੰਦ ਲਾਲ ਨੈਸ਼ਨਲ ਕਾਲਜ ਦੇ ਪ੍ਰੋਫੈਸਰ ਸੰਗੀਤ-ਪ੍ਰੋਫੈਸਰ ਜਗਜੀਤ ਸਿੰਘ ਜੀ ਪਾਸੋਂ।

(3) ਦਿੱਲੀ ਵਿੱਚ ਉਸਤਾਦ ਰਣਜੀਤ ਕੁਮਾਰ ਜੀ ਪਾਸੋਂ ਸੰਗੀਤ ਵਿੱਦਿਆ ਗ੍ਰਹਿਣ ਕੀਤੀ।

**ਪ੍ਰਸ਼ਨ** - ਕਿੰਨੀ ਦੇਰ ਤੱਕ ਸੰਗੀਤ ਸਿੱਖਿਆਂ ਪ੍ਰਾਪਤ ਕੀਤੀ?

**ਉੱਤਰ** - ਅਜੇ ਤੱਕ ਵੀ ਸੰਗੀਤ ਸਿੱਖਿਆਂ ਪ੍ਰਾਪਤ ਕਰ ਰਿਹਾ ਹਾਂ।

**ਪ੍ਰਸ਼ਨ** - ਸੰਗੀਤ ਸਿੱਖਿਆਂ ਦੋਰਾਨ ਸੰਗੀਤ ਵਾਲੇ ਕੋਈ ਵਿਸ਼ੇਸ ਪ੍ਰਾਪਤੀ?

**ਉੱਤਰ** - ਸੰਗੀਤ ਸਿੱਖਿਆਂ ਦੋਰਾਨ, ਕਾਲਜ਼ ਲਾਈਫ ਵਿੱਚ ਕਾਲਜ ਪੱਧਰ ਤੇ ਕੋਈ ਤਬਲਾ ਸੋਲੇ ਵਜੌਣ ਵਿੱਚ, ਅਤੇ ਗਾਇਨ ਵਿੱਚ ਅੱਲਗ ਹੀ ਇਨਾਮ ਜਿੱਤੇ। ਜਿਨ੍ਹਾਂ ਦੇ ਸਬੂਤ ਦਾਸ ਕੋਲ ਸਰਟੀਫੀਕੇਟ ਦੇ ਰੂਪ ਵਿੱਚ ਹਨ। ਕਾਲਜ਼ ਟਾਈਮ ਵਿੱਚ ਮੈਂ ਜਦੋਂ ਸੰਗੀਤ ਦੇ ਮੁਕਾਬਲੇ ਵਿੱਚ ਜਾਂਦਾ ਸਾਂ, ਤਾਂ ਸ਼ਬਦਾਂ ਤੋਂ ਇਲਾਵਾ ਗਜ਼ਲ ਗਾਇਕੀ ਵੀ ਕਰਦਾ ਸਾਂ।

**ਪ੍ਰਸ਼ਨ** - ਸੁਤੰਤਰ ਤੌਰ ਤੇ ਕੀਰਤਨ ਕਰਨਾ ਕਦੋਂ ਸ਼ੁਰੂ ਕੀਤਾ?

**ਉੱਤਰ** - ਸੰਨ 1984 ਵਿੱਚ ਕੁਝ ਮਹੀਨੇ ਗੁ: ਸ੍ਰੀ ਭੱਠਾ ਸਾਹਿਬ ਰੋਪੜ ਪਾ: 10 (ਪੰਜਾਬ) ਵਿਖੇ ਪਿਤਾ ਜੀ ਜੋ ਕਿ ਦਿੱਲੀ ਵੈਸਟ ਪੰਜਾਬੀ ਬਾਗ ਗੁ: ਸਾਹਿਬ ਵਿਖੇ ਹੈਡ ਗ੍ਰੰਥੀ ਸਨ, ਉਨ੍ਹਾਂ ਦੇ ਦਾਸ ਨੂੰ ਆਪਣੇ ਪਾਸ ਦਿੱਲੀ ਲੈ ਆਂਦਾ, ਅਤੇ ਬੀਮਾਰੀ ਦਾ ਇਲਾਜ ਕਰਵਾਇਆ।

**ਪ੍ਰਸ਼ਨ** - ਇਸ ਤੋਂ ਪਹਿਲਾ ਕਿਸ ਰਾਗੀ ਜੋਂ ਵਿੱਚ ਸਹਾਇਕ ਰਾਗੀ ਵਜੋਂ ਕੀਰਤਨ ਕੀਤਾ?

**ਉੱਤਰ** - ਸਹਾਇਕ ਰਾਗੀ ਵਜੋਂ ਭਾਈ ਜਸਵੀਰ ਸਿੰਘ ਜੀ ਖੰਨੇ ਵਾਲਿਆਂ ਨਾਲ ਭਠਾ ਸਾਹਿਬ ਰੋਪੜ ਅਤੇ ਉਸ ਤੋਂ ਬਾਅਦ ਦਿੱਲੀ ਭਾਈ ਗੁਰਬਚਨ ਸਿੰਘ ਜੀ 'ਸਾਜਨਾ' ਜੋ ਕਿ ਅਜਕਲ ਗੁ: ਸੀਸ ਗੰਜ ਸਾਹਿਬ ਦਿੱਲੀ ਹਜ਼ੂਰੀ ਰਾਗੀ ਹਨ,ਉਨ੍ਹਾਂ ਨਾਲ ਡੇਢ ਸਾਲ ਤਬਲੇ ਤੇ ਅਤੇ ਡੇਢ ਕੁ ਸਾਲ ਸਹਾਇਕ ਰਾਗੀ ਦੇ ਤੌਰ ਕੀਰਤਨ ਕੀਤਾ ਇਸ ਤੋਂ ਪਹਿਲਾਂ ਬਚਪਨ ਵਿੱਚ ਪਿਤਾ ਜੀ ਨਾਲ ਤਬਲੇ ਉਤੇ ਕਦੇ ਸਹਾਇਕ ਰਾਗੀ ਦੇ ਤੋਰ ਤੇ ਕੀਰਤਨ ਕਰਦਾ ਰਿਹਾ।

**ਪ੍ਰਸ਼ਨ** - ਕੀਰਤਨੀਏ ਵਜੋਂ ਕਿਥੇ ਨੋਕਰੀ ਕੀਤੀ? ਪ੍ਰਾਪਤ ਹੋਏ ਪ੍ਰਸ਼ੰਸਾ ਪੱਤਰ ਅਤੇ ਵਿਸ਼ੇਸ ਸਨਮਾਨ?

**ਉੱਤਰ** - ਕੀਰਤਨੀਏ ਵਜੋਂ ਅਪਣਾ ਜਥਾ ਬਣਾਕੇ ਸੱਭ ਤੋਂ ਪਹਿਲਾਂ ਗੁ; ਸਿੰਘ ਸਭਾ ਸ਼ਾਲੀਮਾਰ ਬਾਗ ਐਸ: ਈ. ਬਲਾਕ ਦਿੱਲੀ ਕੇਵਲ ਦੋ ਕੁ ਮਹੀਨੇ ਹੀ ਕੀਰਤਨ ਕਰਦਿਆਂ ਹੋਏ ਸਨ, ਕਿ ਇਸ ਦੌਰਾਨ ਗੁ: ਸੀਸ ਗੰਜ ਸਾਹਿਬ ਦਿੱਲੀ ਲਈ ਹਜ਼ੂਰੀ ਰਾਗੀ ਜਥੇ ਵਜੋਂ ਬੜੇ ਹੀ ਸਖ਼ਤ ਇੰਟਰਵੀਊ ਵਿੱਚੋਂ ਦੋ ਵਾਰ ਬਹੁਤ ਹੀ ਚੰਗੇ ਨੰਬਰ ਲੈ ਕੇ ਸਿਲੈਕਟ ਹੋ ਗਏ, ਅਤੇ ਗੁ: ਸੀਸ ਗੰਜ ਸਾਹਿਬ ਬਤੋਰ ਹਜ਼ੂਰੀ ਰਾਗੀ 2-1-1989 ਤੋਂ 1-1-1993 ਤੱਕ ਸਰਵਿਸ ਕੀਤੀ ਅਤੇ ਉੱਥੋਂ ਦਾਸ ਖੁਸ਼ੀ ਨਾਲ ਹੀ ਆਪ ਅਸਤੀਫਾ ਦੇ ਕੇ ਜਮਨਾ ਨਗਰ, ਸੰਤ ਤ੍ਰਿਲੋਚਨ ਸਿੰਘ ਗੁਰਮਤਿ ਵਿਦਿਆਲਾ ਪਿੰਡ ਜੋੜੀਆਂ ਵਿੱਚ, ਸੰਤ ਕਰਮਜੀਤ ਸਿੰਘ

ਜੀ ਡੇਰਾ ਸੰਤਪੁਰਾ ਵਾਲਿਆਂ ਵਲੋਂ ਜੋਰ ਦੇਣ ਤੇ ਸੰਗੀਤ ਪ੍ਰੋਫੈਸਰ ਮੁਕਰੱਰ ਹੋ ਗਿਆ। ਦਿੱਲੀ ਗੁ: ਪ੍ਰਬੰਧਕ ਕਮੇਟੀ ਵਲੋਂ ਦਾਸ ਨੂੰ ਸਨਮਾਨ ਪੱਤਰ ਵੀ ਪ੍ਰਾਪਤ ਹੈ।

**ਪ੍ਰਸ਼ਨ** - ਕਿੰਨੀ ਦੇਰ ਤੋਂ ਸੁਤੰਤਰ ਤੌਰ ਤੇ ਅਪਣਾ ਜਥਾ ਹੈ। ਜਥੇ ਦੇ ਸਾਰੇ ਮੈਂਬਰਾ ਦੇ ਨਾ ਅਤੇ ਜਥੇ ਦੀ ਫੋਟੋ?

**ਉੱਤਰ** - ਸੁਤੰਤਰ ਤੌਰ ਤੇ ਅਪਣਾ ਜਥਾ ਇੱਕ ਸਤੰਬਰ 1989 ਤੋਂ ਹੈ, ਅਤੇ ਅਜੇ ਤੱਕ ਵਾਹਿਗੁਰੂ ਦੀ ਕ੍ਰਿਪਾ ਨਾਲ ਕਾਇਮ ਹੈ, ਤੇ ਚੜ੍ਹਦੀ ਕਲਾ ਵਿੱਚ ਹੈ। ਜਥੇ ਦੇ ਸਾਥੀ ਗੁ: ਸੀਸ ਗੰਜ ਸਾਹਿਬ ਸਰਵਿਸ ਦੌਰਾਨ ਤਾਂ ਪੱਕੇ ਸਨ, ਅੱਜ ਕਲ ਤਬਲੇ ਦੇ ਨਾਲ ਮੇਰਾ ਛੋਟਾ ਭਰਾ, ਭਾਈ ਜਸਜੀਤ ਸਿੰਘ ਹੈ, ਸਾਈਡ ਦੇ ਕਦੇ ਪਿਤਾ ਜੀ ਜਾਂ ਵਿਦਿਆਲੇ ਦਾ ਕੋਈ ਯੋਗ ਵਿਦਿਆਰਥੀ ਕੀਰਤਨ ਪ੍ਰੋਗਰਾਮ ਕਰਨ ਸਮੇਂ ਨਾਲ ਹੁੰਦਾ ਹੈ। ਸਤਿਗੁਰ ਦੀ ਬਖਸ਼ਿਸ਼ ਸਦਕਾ ਦਾਸ ਤੇ ਕੀਰਤਨ ਪ੍ਰੋਗਰਾਮ ਚੱਲਦੇ ਰਹਿੰਦੇ ਹਨ।

**ਪ੍ਰਸ਼ਨ** - ਸੁਤੰਤਰ ਰੂਪ ਵਿੱਚ ਕੀਰਤਨ ਕਰਦਿਆਂ ਪ੍ਰਾਪਤ ਸਨਮਾਨਾ ਦਾ ਵੇਰਵਾ?

**ਉੱਤਰ** - ਸੁਤੰਤਰ ਰੂਪ ਵਿੱਚ ਕੀਰਤਨ ਕਰਦਿਆਂ, ਇਤਨੇ ਸਮੇਂ ਦੌਰਾਨ ਦਾਸ ਨੇ ਅਪਣੀ ਪਹਿਚਾਨ ਸਿੱਖ ਜਗਤ ਦੇ ਖਾਸ ਖਾਸ ਅਨੇਕਾਂ ਵੱਡੇ-ਵੱਡੇ ਸਟੇਜਾਂ ਤੇ, ਕੀਰਤਨ ਦਰਬਾਰਾਂ ਵਿੱਚ, ਰਾਗ ਦਰਬਾਰਾਂ ਵਿੱਚ ਆਲ ਇੰਡੀਆਰੇਡੀਓ ਦਿੱਲੀ ਅਤੇ ਦੂਰਦਰਸ਼ਨ ਦਿੱਲੀ, ਆਲ ਇੰਡੀਆ ਰੇਡੀਓ ਜਲੰਧਰ ਆਦਿਕ ਮਹੱਤਵ ਪੂਰਨ ਅਸਥਾਨਾਂ ਤੇ ਬਣਾਈ ਅਤੇ ਸ੍ਰੀ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਅੰਮ੍ਰਿਤਸਰ ਪੰਜ ਵਾਰ ਕੀਰਤਨ ਚੌਂਕੀਆਂ, ਰੇਡੀਓ ਬ੍ਰਾਡਕਾਸਟ ਵੇਲੇ ਕੀਤੀਆਂ ਹਨ।

**ਪ੍ਰਸ਼ਨ** - ਕਿੰਨੇ ਸ਼ਬਦ ਜ਼ਬਾਨੀ ਯਾਦ ਹਨ?

**ਉੱਤਰ** - ਕਰੀਬ 550 ਸ਼ਬਦ ਜ਼ੁਬਾਨੀ ਕੰਠ ਹਨ। ਜਿਨ੍ਹਾਂ ਦਾ ਕੀਰਤਨ ਦਾਸ ਕਰਦਾ ਰਿਹਾ ਹੈ।

**ਪ੍ਰਸ਼ਨ** - ਕਿੰਨੇ ਰਾਗਾਂ ਅਤੇ ਤਾਲਾਂ ਵਿੱਚ ਕੀਰਤਨ ਕਰ ਸਕਦੇ ਹੋ?

**ਉੱਤਰ** - ਕਰੀਬ 100 ਤੋਂ ਵੱਧ ਹੀ ਰਾਗਾਂ ਵਿੱਚ ਦਾਸ ਕੀਰਤਨ ਕਰ ਸਕਦਾ ਹੈ, ਅਤੇ ਲਾਈਟ ਰੀਤਾਂ ਤੋਂ ਇਲਾਵਾ ਵੱਡੇ ਖ਼ਿਆਲ, ਧ੍ਰੁਪੱਦ, ਧ੍ਰਮਾਰ, ਠੁਮਰੀ, ਤਰਾਨਾ, ਵੱਡੇ ਤਾਲਾਂ ਵਿੱਚ, ਨੌਂ ਮਾਤਰਾ, ਦਸ ਮਾਤਰਾ, ਗਿਆਰਾਂ ਮਾਤਰਾ, ਬਾਰਾਂ ਮਾਤਰਾ, ਤੇਰਾਂ ਮਾਤਰਾ, ਚੌਦਾਂ ਮਾਤਰਾ, ਪੰਦਰਾਂ ਮਾਤਰਾ, ਸੋਲਾਂ ਮਾਤਰਾ, ਸਤਾਰਾਂ ਮਾਤਰਾ, ਦੀਆਂ ਬੰਦਸ਼ਾਂ ਵਿੱਚ ਦਾਸ ਖੁਦ ਆਪਣੀ ਬੰਦਸ਼ ਤਿਆਰ ਕਰਕੇ ਵਿੱਚ ਗੌਣ ਦੀ ਯੋਗਤਾ ਰੱਖਦਾ ਹੈ।

**ਪ੍ਰਸ਼ਨ** - ਕਿੰਨੀਆਂ ਵਾਰਾਂ ਦਾ ਗਾਇਨ ਕਰ ਸਕਦੇ ਹੋ?

**ਉੱਤਰ** - ਵਾਰਾਂ ਗਾਇਨ ਬਾਰੇ, ਜੋ ਪ੍ਰਸ਼ਨ ਜੀ ਵਲੋਂ ਕੀਤਾ ਗਿਆ ਹੈ, ਉਸਦਾ ਉੱਤਰ ਇਹ ਹੈ, ਕਿ ਆਸਾ ਦੀਵਾਰ, ਬਸੰਤ ਕੀ ਵਾਰ, ਮੁਲਾਰ ਕੀ ਵਾਰ, ਸਿਰੀ ਰਾਗ ਕੀ ਵਾਰ, ਰਾਮਕਲੀ ਦੀਆਂ ਵਾਰਾਂ, ਵਿੱਚ ਦਾਸ ਗਾ ਸਕਦਾ ਹੈ।

**ਪ੍ਰਸ਼ਨ** - ਕੀ ਰੇਡੀਓ ਜਾਂ ਟੈਲੀਵੀਜ਼ਨ ਤੇ ਕੀਰਤਨੀਏ ਵਜੋਂ ਪ੍ਰਮਾਣਿਤ ਹੋ? ਕਿੰਨੀ ਵਾਰ ਮੌਕਾ ਮਿਲਿਆ ਹੈ?

**ਉੱਤਰ** - ਆਲ ਇੰਡੀਆ ਰੇਡੀਓ ਦਿੱਲੀ, ਵਿੱਚ ਦਾਸ 28 ਅਕਤੂਬਰ 1989 ਤੋਂ ਪ੍ਰਵਾਨਤ ਹੈ ਅਤੇ ਅੱਜ ਤੱਕ ਲਗਾਤਾਰ ਸਮੇਂ-ਸਮੇਂ ਸਿਰ ਅਨੇਕਾਂ ਵਾਰ ਪ੍ਰੋਗਰਾਮ ਕਰ ਚੁੱਕਾ ਹੈ ਅਤੇ ਦੂਰ ਦਰਸ਼ਨ ਦਿੱਲੀ ਤੋਂ ਵੀ ਤਿੰਨ ਵਾਰ ਦਾਸ ਦਾ ਕੀਰਤਨ ਪ੍ਰੋਗਰਾਮ ਟੈਲੀ ਕਾਸਟ ਹੋ ਚੁੱਕਾ ਹੈ।

**ਪ੍ਰਸ਼ਨ** - ਕੀ ਵਿਦੇਸ਼ਾਂ ਵਿੱਚ ਕੀਰਤਨ ਕਰਨਗਏ ਹੋ? ਉਨ੍ਹਾਂ ਦੇਸ਼ਾਂ ਦੇ ਨਾਂ ਅਤੇ ਰਹਿਣ ਦਾ ਸਮਾਂ ਦਸੋ? ਉਥੋਂ ਪ੍ਰਾਪਤ ਹੋਇਆ ਕੋਈ ਪ੍ਰਸ਼ੰਸ਼ਾ ਪੱਤਰ ਜਾਂ ਸਨਮਾਨ?

**ਉੱਤਰ** - ਵਿਦੇਸ਼ਾਂ ਵਿੱਚ ਕੀਰਤਨ ਦਾ ਸਮਾਂ ਅਜੇ ਨਹੀਂ ਬਣ ਸਕਿਆ, ਕਿਉਂਕਿ ਦਾਸ ਦਾ ਪਾਸ ਪੋਰਟ ਹੀ ਨਹੀਂ ਬਣ ਰਿਹਾ।

**ਪ੍ਰਸ਼ਨ** - ਤੁਹਾਡੇ ਗ੍ਰਾਮੋ-ਫੋਨ ਰਿਕਾਰਡ/ਕੈਸਟ ਟੇਪਾਂ ਦੇ ਨੰਬਰ ਅਤੇ ਕੰਪਨੀ ਦਾ ਨਾਂ?

**ਉੱਤਰ** - ਦਾਸ ਦੀਆਂ ਕੀਰਤਨ ਦੀਆਂ ਆਡੀਓ ਕੈਸਟਾਂ ਅਜੇ ਤੱਕ ਕੇਵਲਲ ਦੋ ਹੀ ਬਣੀਆਂ ਹਨ। ਪਹਿਲੀ ਕੈਸਟ ਦਿੱਲੀ ਦੀ ਪਾਰਕੋ ਕੰਪਨੀ ਦੀ ਹੈ। ਇਸ ਕੈਸਟ ਦਾ ਨੰਬਰ 631 ਹੈ ਅਤੇ ਕੈਸਟ ਦਾ ਟਾਈਟਲ ਹੈ''ਇਸ ਮਨ ਕਉ ਕੋਈ ਖੋਜਹੁ ਭਾਈ''। ਇਹ ਸ਼ਬਦ ਕੈਸਟ ਵਿੱਚ ਵਿਆਖਿਆ ਸਹਿਤ ਹੈ। ਦੂਸਰੀ ਕੈਸਟ ਦਿੱਲੀ ਦੀ ਹੀ ਯੂਕੀ ਕੈਸਟ ਕੰਪਨੀ ਨੇ ਬਣਾਈ ਹੈ। ਇਸ ਦਾ ਨੰਬਰ ਪੀ/50/9 ਹੈ। ਇਸ ਕੈਸਟ ਵਿੱਚ ਅੱਠ ਸ਼ਬਦ ਹਨ। ਤੀਸਰੀ ਕੈਸਟ ਯੂ ਕੀ ਕੰਪਨੀ ਦਿੱਲੀ ਵਾਲੇ ਹੀ ਇੱਕ ਹੋਰ ਰਿਲੀਜ ਕਰਨ ਵਾਲੇ ਹਨ। ਰੀਕਾਰਡਿੰਗ ਹੋ ਚੁੱਕੀ ਹੈ।

**ਪ੍ਰਸ਼ਨ** - ਕੀਰਤਨ ਤੋਂ ਇਲਾਵਾ ਕੋਈ ਹੋਰ ਸ਼ੋਕ ਇਸ ਵਿੱਚ ਕੋਈ ਵਿਸ਼ੇਸ਼ ਪ੍ਰਾਪਤੀ?

**ਉੱਤਰ** - ਸਾਈਕਲਿੰਗ ਵਿੱਚ, ਸਲੋਅ ਸਾਈਕਲਿੰਗ ਵਿੱਚ, ਕਾਲਿਜ ਦੌਰਾਨ ਇੰਟਰ ਕਾਲਿਜ ਕੰਪੀਟੀਸ਼ਨ ਵਿੱਚ ਫਸਟ ਪ੍ਰਾਈਜ਼ ਗੋਲਡ ਮੈਡਲ ਪ੍ਰਾਪਤ ਕੀਤਾ ਹੈ। ਇਸ ਤੋਂ ਇਲਾਵਾ ਅਲੱਗ ਅਲੱਗ ਤਰ੍ਹਾਂ ਦੀਆਂ ਮੋਟਰਾਂ ਚਲੌਣ ਦਾ ਸ਼ੌਕ ਹੈ ਅਤੇ ਸੈਰ ਕਰਨ ਦਾ, ਅਲੱਗ-ਅਲੱਗ ਸ਼ਹਿਰਾਂ ਵਿੱਚ ਜਾਣ ਦਾ ਸ਼ੌਕ ਹੈ।

**ਪ੍ਰਸ਼ਨ** - ਤੁਹਾਡੇ ਵੱਲੋਂ ਦਿੱਤੀ ਗਈ ਕੀਰਤਨ ਸਿਖਲਾਈ ਦਾ ਵੇਰਵਾ?

**ਉੱਤਰ** - ਦਾਸ ਵੱਲੋਂ ਦਿੱਤੀ ਗਈ ਕੀਰਤਨ ਸਿਖਲਾਈ ਦੇ ਅੰਤਰ ਗਤਿ ਦਿੱਲੀ ਵਿੱਚ ਦਾਸ ਦੇ ਡੇਢ ਸੌ ਦੇ ਕਰੀਬ ਸ਼ਾਗਿਰਦ ਹਨ, ਜਿੰਨ੍ਹਾਂ ਵਿੱਚ ਲੜਕੇ ਅਤੇ

ਲੜਕੀਆਂ ਸ਼ਾਮਿਲ ਹਨ। ਜ਼ਿਆਦਾ ਤਰ ਕਲਾਸੀਕਲ ਸੰਗੀਤ ਦੇ ਵਿਦਿਆਰਥੀ ਹਨ ਅਤੇ ਇਸ ਸਮੇਂ ਜਮਨਾ ਨਗਰ ਆਪਣੇ ਵਿਦਿਆਲੇ ਵਿੱਚ 50 ਵਿਦਿਆਰਥੀ ਹਨ।

**ਪ੍ਰਸ਼ਨ** - ਕੀਰਤਨ ਨਾਲ ਸੰਬੀਧਤ ਤੁਹਾਡੇ ਜੀਵਨ ਦੇ ਕੋਈ ਯੋਗ ਘਟਨਾ?

**ਉੱਤਰ** - ਕੀਰਤਨ ਕਰਦਿਆਂ ਕਰਦਿਆਂ, ਗੁਰਬਾਣੀ ਅਤੇ ਰਾਗ ਦੀਆਂ ਸੁਰਾਂ ਵਿੱਚ ਦਾਸ ਇੰਨਾ ਜਿਆਦਾ ਲੀਨ ਹੋ ਜਾਂਦਾ ਹੈ ਕਿ ਇੱਕ ਅਜੀਬ ਹੀ ਆਤਮਿਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਦਾਸ ਨੂੰ ਆਪਣੇ ਜੀਵਨ ਦੀ ਇੱਕ ਘਟਨਾ ਅੱਜ ਤੱਕ ਯਾਦ ਹੈ ਕਿ ਦਾਸ ਦਿੱਲੀ ਵਿੱਚ ਇੱਕ ਵਾਰ ਕੀਰਤਨ ਕਰਦੇ ਸਮੇਂ ਗੁ: ਅਸ਼ੋਕ ਵਿਹਾਰ ਦੀ ਸਟੇਜ ਤੇ ਸ਼ਬਦ "ਮੈਂ ਵਣਜਾਰਨ ਰਾਮ ਕੀ, ਤੇਰਾ ਨਾਮ ਵਖਰ ਵਾਪਾਰ ਜੀ" ਗਾਇਨ ਕਰਦੇ ਸਮੇਂ ਇਤਨਾ ਭਾਵਕ ਹੋ ਗਿਆ ਕਿ ਅੱਖਾਂ ਵਿੱਚੋਂ ਵੈਰਾਗ ਮਈ ਅੱਥਰੂ ਛਲਕਣ ਲੱਗ ਪਏ, ਉਹ ਸਮਾਂ ਬੜਾ ਅਦਭੁੱਤ ਦੀ ਪ੍ਰਾਪਤੀ ਦਾ ਸੀ।

**ਪ੍ਰਸ਼ਨ** - ਕੀਰਤਨ ਬਾਰੇ ਤੁਹਾਡੇ ਆਪਣੇ ਵਿਚਾਰ ਕੀ ਹਨ?

ਉੱਤਰ - ਕੀਰਤਨ ਬਾਰੇ ਦਾਸ ਦੇ ਵਿਚਾਰ ਇਹ ਹਨ ਕਿ ਕੀਰਤਨ, ਗੌਣਾ, ਜਾਂ ਸੁਨਣਾ ਇਨਸਾਨੀ ਜ਼ਿੰਦਗੀ ਵਿੱਚ ਇਉਂ ਹੈ ਜਿਵੇਂ ਦੁੱਧ ਚੁੰਘਦੇ ਬੱਚੇ ਲਈ ਮਾਂ ਦਾ ਦੁੱਧ ਗੁਣਕਾਰੀ ਹੈ ਜਿਸ ਨਾਲ ਬੱਚੇ ਵਿੱਚ ਮਾਤਾ ਦੀਆਂ ਖੂਬੀਆਂ ਪ੍ਰਵੇਸ਼ ਕਰ ਜਾਂਦੀਆਂ ਹਨ, ਇਸੇ ਤਰ੍ਹਾਂ ਗੁਰੂ ਜੋਤ ਦਾ ਪ੍ਰਕਾਸ਼ ਇਨਸਾਨੀ ਜੀਵਨ ਵਿੱਚ ਫੈਲ ਜਾਂਦਾ ਹੈ।

**ਪ੍ਰਸ਼ਨ** - ਵਰਤਮਾਨ ਕੀਰਤਨ ਪ੍ਰੰਪਰਾ ਬਾਰੇ ਵਿਚਾਰ ਕੀ ਹਨ?

**ਉੱਤਰ** - ਅਜੋਕੇ ਸਮੇਂ ਦੀ ਕੀਰਤਨ ਪ੍ਰੰਪਰਾ ਚਿੰਤਾ ਜਨਕ ਹੈ। ਕੇਵਲ ਕੁੱਝ ਕੁ ਹੀ ਉਂਗਲੀਆਂ ਤੇ ਗਿਣੇ ਜਾਣ ਵਾਲੇ ਗੁਰਬਾਣੀ ਕੀਰਤਨ ਕਰਨ ਵਾਲੇ ਸੱਜਣ ਸਹੀ ਪ੍ਰੰਪਰਾ ਅਨੁਸਾਰ ਕੀਰਤਨ ਦੀ ਮਰਯਾਦਾ ਅਨੁਸਾਰ ਚਲ ਰਹੇ ਹਨ। ਇਸ ਤੋਂ ਇਲਾਵਾ ਫਿਲਮੀ ਟੀਊਨਾਂ ਕੀਰਤਨ ਵਿੱਚ ਵਰਤਨ ਦਾ ਰਿਵਾਜ ਇਤਨਾ ਜ਼ਿਆਦਾ ਵੱਧ ਗਿਆ ਹੈ, ਕਿ ਅਜੋਕੇ ਸਮੇਂ ਦੇ ਨੌਜੁਵਾਨ ਨਾਮੀ ਰਾਗੀ ਸਭ ਫਿਲਮੀ ਟੀਊਨਾਂ ਤੇ ਕੀਰਤਨ ਕਰਕੇ ਦੁਨੀਆਂ ਵਿੱਚ ਆਪਣੀ ਸ਼ੁਹਰਤ ਵਧਾ ਰਹੇ ਹਨ। ਦਾਸ ਸਮਝਦਾ ਹੈ, ਕਿ ਇਹ ਕੋਈ ਵਿਦਵਤਾ ਵਾਲੀ ਗਲ ਨਹੀਂ, ਜੋ ਇਸ ਤਰ੍ਹਾਂ ਕੀਰਤਨ ਕੀਤਾ ਜਾਵੇ।

ਕੀਰਤਨ ਕੇਵਲ ਗੁਰ ਮਰਯਾਦਾ ਅਨੁਸਾਰ ਹੀ ਕੀਤਾ ਜਾਵੇ ਤਦ ਹੀ ਇਹ ਆਦਰਸ਼ਕ ਨਮੂਨਾ ਪੇਸ਼ ਕਰ ਸਕਦਾ ਹੈ। ਜਿਵੇਂ ਕਿ ਗੁਰਬਾਣੀ ਦਾ ਫੁਰਮਾਨ ਹੈ, "ਭਲੋ ਭਲੋਰੇ ਕੀਰਤਨੀਆ, ਰਾਮ ਰਾਮਾ ਰਾਮਾ ਗੁਨ ਗਾਓ"।

**ਪ੍ਰਸ਼ਨ** - ਵਰਤਮਾਨ ਕੀਰਤਨਕਾਰਾਂ ਬਾਰੇ ਵਿਚਾਰ?

**ਉੱਤਰ** - ਵਰਤਮਾਨ ਕੀਰਤਨ ਕਾਰਾਂ ਨੂੰ ਕਥਨੀ ਤੇ ਕਰਨੀ ਵਿੱਚ ਪੂਰੇ ਹੋ ਕੇ ਆਪਣਾ ਜੀਵਨ ਗੁਰਮੁਖਾਂ ਵਾਲਾ ਬਣਾਕੇ, ਕੀਰਤਨ ਦੇ ਅੰਮ੍ਰਿਤ ਰਸ ਨੂੰ ਛੱਕਣਾ ਛਕਾਉਣਾ ਚਾਹੀਦਾ ਹੈ। ਗੁਰਵਾਕ ਹੈ।

"***ਅੰਮ੍ਰਿਤ ਰਸ ਹਰਿ ਕੀਰਤਨੋ ਕੋ ਵਿਰਲਾ ਪੀਵੈ***"

**ਪ੍ਰਸ਼ਨ** - ਤੁਹਾਡੇ ਵਿਚਾਰ ਅਨੁਸਾਰ ਗੁਰਮਤਿ ਸੰਗੀਤ ਦੀ ਸਹੀ ਪਰੰਪਰਾ ਦਾ ਵਿਚਾਰ ਕਿਵੇਂ ਹੋਣਾ ਚਾਹੀਦਾ ਹੈ?

**ਉੱਤਰ** - ਗੁਰਮਤਿ ਸੰਗੀਤ ਦੀ ਸਹੀ ਪ੍ਰੰਪਰਾ ਤਾਂ ਹੀ ਕਾਇਮ ਰਹਿ ਸਕਦੀ ਹੈ, ਜੇ ਗੁਰੂ ਘਰ ਦੇ ਕੀਰਤਨੀਏ ਗੁਰ ਮਰਯਾਦਾ ਵਿੱਚ ਰਹਿ ਕੇ ਕੀਰਤਨ ਪ੍ਰੰਪਰਾ ਨੂੰ ਨਿਭਾਉਣ ਵਿੱਚ ਤੱਤਪੁਰ ਰਹਿਣ।

**ਪ੍ਰਸ਼ਨ** - ਅਜਿਹੇ ਕੀਰਤਨੀਆਂ ਜਾਂ ਸੰਗੀਤਕਾਰਾਂ ਦੇ ਨਾਂ ਦਸੋ ਜਿਨ੍ਹਾਂ ਨੇ ਤੁਹਾਨੂੰ ਪ੍ਰਭਾਵਿਤ ਕੀਤਾ ਹੋਵੇ?

**ਉੱਤਰ** - ਦਾਸ ਨੂੰ ਪ੍ਰਭਾਤ ਕਰਨ ਵਾਲੇ ਗੁਰਮੁਖ ਰਾਗੀ ਸਿੰਘ ਇਹ ਹਨ:-

(1) ਭਾਈ ਦਿਲਬਾਗ ਸਿੰਘ, ਗੁਲਬਾਗ ਸਿੰਘ,

(2) ਸਵਰਗਵਾਸੀ ਭਾਈ ਗੁਰਬਚਨ ਸਿੰਘ ਜੀ ਪਟਨਾ ਸਾਹਿਬ ਵਾਲੇ

(3) ਭਾਈ ਹਰਬੰਸ ਸਿੰਘ ਜਗਾਧਰੀ ਵਾਲੇ।

(4) ਭਾਈ ਕਲਿਆਣ ਸਿੰਘ ਜੀ ਲਖਨਊ ਵਾਲੇ ਆਦਿਕ ਅਤੇ ਸੰਗੀਤਕਾਰਾਂ ਵਿੱਚ ਨਜ਼ਾਕਤ ਅਤੇ ਸਲਾਮਤ ਅਲੀ ਖਾਂ, ਗੁਲਾਮਅਲੀ ਗਜ਼ਲ ਗਾਇਕ, ਜ਼ਾਕਰ ਹੁਸੈਨ ਤਬਲਾ ਵਾਦਿਕ ਆਦਿ।

**ਪ੍ਰਸ਼ਨ** - ਕੋਈ ਹੋਰ ਵੇਰਵਾ ਜੋ ਤੁਸੀਂ ਦੇਣਾ ਚਾਹੁੰਦੇ ਹੋ?

**ਉੱਤਰ** - ਅਖੀਰ ਵਿੱਚ ਦਾਸ ਦੇ ਇਹ ਵਿਚਾਰ ਹਨ, ਕਿ ਗੁਰੂ ਘਰ ਵਿੱਚ ਕੀਰਤਨ ਰਸੀਆਂ ਨੂੰ ਅੰਮ੍ਰਿਤ ਰਸ "ਏ ਮਨ ਹਰਿ ਜੀ ਧਿਆਇ ਤੂੰ ਇਕੁ ਮਨਿ ਇਕੁ ਚਿਤਿ ਭਾਇ" ਦੇ ਮਹਾਂਵਾਕ ਅਨੁਸਾਰ ਹੋ ਕੇ ਪ੍ਰਾਪਤ ਹੋ ਸਕਦਾ ਹੈ।

# ਹਰਿ-ਕੀਰਤਨ—ਹਰਿਮੰਦਰ ਕੰਵਲ ਦੀ ਖੁਸ਼ਬੋ

ਪ੍ਰਿੰ: ਸੁਜਾਨ ਸਿੰਘ

---

ਪ੍ਰਿੰ: ਸੁਜਾਨ ਸਿੰਘ ਪੰਜਾਬ ਦੇ ਮੋਢੀ ਕਹਾਣੀਕਾਰਾਂ ਵਿਚੋਂ ਸਿਰਮੌਰ ਸਨ। ਉਹਨਾਂ ਨੇ ਸਾਰੀ ਜ਼ਿੰਦਗੀ ਮਿਸ਼ਨਰੀ ਸਪਿਰਟ ਨਾਲ ਸਾਹਿਤ ਰਚਨਾ ਕੀਤੀ। ਆਪਣੀ ਉਮਰ ਦੇ ਛੇ ਦਹ ਕੇ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਲੇਖੇ ਲਾਏ।

ਜ਼ਾਤ-ਪਾਤ ਤੇ ਊਚ-ਨੀਚ ਦੇ ਰਿਸ਼ਤਿਆਂ ਵਾਲੀ ਇਹ ਦੁਨੀਆਂ ਸੁਜਾਨ ਸਿੰਘ ਨੂੰ ਨਹੀਂ ਸੀ ਭਾਉਂਦੀ ਉਹਨਾਂ ਨੇ ਮਾਨਵੀ ਬਰਾਬਰੀ ਦੀ ਆਪਣੀ ਲੋਚਾ, ਆਪਣਾ ਸੁਪਨਾ, ਕਥਾ ਕਹਾਣੀਆਂ ਵਿਚ ਸਿਰਜਿਆ।

ਪ੍ਰਿੰ: ਸੁਜਾਨ ਸਿੰਘ ਜਿੱਥੇ ਮਾਰਕਸੀ ਵਿਚਾਰਧਾਰਾ ਤੋਂ ਪ੍ਰਭਾਵਤ ਹੋਏ, ਉੱਥੇ ਉਹਨਾਂ ਅਖੌਤੀ ਪ੍ਰਗਤੀਵਾਦੀਆਂ ਵਾਂਗ ਆਪਣੇ ਸਭਿਆਚਾਰ ਤੋਂ ਮੁੱਖ ਨਹੀਂ ਮੋੜਿਆ ਉਹਨਾਂ ਇਕ ਥਾਂ ਲਿਖਿਆ ਹੈ :

"ਜਿਨ੍ਹਾਂ ਸਵਾਲਾਂ ਨੇ ਮੈਨੂੰ ਪ੍ਰੇਸ਼ਾਨ ਕੀਤਾ ਹੈ ਇਹੋ ਸਵਾਲ ਚਾਰ-ਪੰਜ ਸਦੀਆਂ ਪਹਿਲਾਂ ਬਾਬੇ ਨਾਨਕ ਦੇ ਸਾਹਮਣੇ ਸਨ। ਉਦੋਂ ਵੀ ਉਸਾਰੂ ਤੇ ਅਗਾਂਹਵਧੂ ਸਾਹਿਤ ਰਚਿਆ ਗਿਆ ਸੀ।"

ਸਾਹਿਤ ਅਕਾਦਮੀ ਦੁਆਰਾ ਸਨਮਾਨਿਤ ਇਸ ਸ਼੍ਰੋਮਣੀ ਸਾਹਿਤਕਾਰ ਦੀਆਂ ਕਹਾਣੀਆਂ ਦੀਆਂ 14 ਪੁਸਤਕਾਂ ਪ੍ਰਕਾਸ਼ਿਤ ਹੋਈਆਂ ਅਤੇ 2 ਪੁਸਤਕਾਂ ਲੇਖ-ਸੰਗ੍ਰਹਿ ਦੀਆਂ ਪ੍ਰਕਾਸ਼ਿਤ ਹੋਈਆਂ ਹਨ। ਲੇਖਾਂ ਦੀ ਇਕ ਪੁਸਤਕ 'ਖੁੰਬਾਂ ਦਾ ਸ਼ਿਕਾਰ' ਅਤੇ 'ਦੂਜੀ "ਜੰਮੂ ਜੀ ਤੁਸੀਂ ਬੜੇ ਰਾਅ"।

'ਜੰਮੂ ਜੀ ਤੁਸੀਂ ਬੜੇ ਰਾਅ' ਪੁਸਤਕ ਵਿਚੋਂ ਹਰਿਮੰਦਰ ਸਾਹਿਬ ਵਿਚ ਹੁੰਦੇ ਗੁਰਬਾਣੀ ਗਾਇਨ ਬਾਬਤ, ਲੇਖ ਦਾ ਕੁੱਝ ਹਿੱਸਾ ਅਸੀਂ ਇਹ ਨਾਂ ਦੇ ਕੇ **ਹਰਿ ਕੀਰਤਨ —ਹਰਿਮੰਦਰ ਕੰਵਲ ਦੀ ਖੁਸ਼ਬੋ**; ਪ੍ਰਕਾਸ਼ਿਤ ਕਰਨ ਦੀ ਖੁਸ਼ੀ ਲੈ ਰਹੇ ਹਾਂ।

—ਸੰਪਾਦਕ

---

ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸੱਜੇ ਪਾਸੇ ਰਾਗੀ ਬੈਠਦੇ ਹਨ। ਇੱਥੇ ਲਗਭਗ ਦਿਨ-ਰਾਤ ਅਠਾਰ੍ਹਾਂ ਘੰਟੇ ਕੀਰਤਨ ਦਾ ਪ੍ਰਵਾਹ ਚਲਦਾ ਰਹਿੰਦਾ ਹੈ। ਰਾਗੀਆਂ ਦੇ ਜਥੇ ਲਗਭਗ ਦੋ-ਦੋ ਘੰਟਿਆਂ ਬਾਅਦ ਬਦਲਦੇ ਰਹਿੰਦੇ ਹਨ। ਧੁਨੀ ਪ੍ਰਬੰਧ ਦੇ ਲਿਹਾਜ਼ ਨਾਲ ਵੀ ਇਮਾਰਤਗਰ ਨੇ ਹਰਿਮੰਦਰ ਨੂੰ ਖ਼ੂਬ ਬਣਾਇਆ ਹੈ। ਇਸ ਵਿਚ

ਕੀਰਤਨੀਆਂ ਦੀਆਂ ਆਵਾਜ਼ਾਂ ਨਾ ਪਾਟਦੀਆਂ ਤੇ ਨਾ ਹੀ ਗੂੰਜਦੀਆਂ ਹਨ। ਆਵਾਜ਼ ਸਪੱਸ਼ਟ ਹੁੰਦੀ ਹੈ; ਗਾਈ ਜਾ ਰਹੀ ਬਾਣੀ ਦੇ ਸ਼ਬਦ ਪੱਕੇ ਰਾਗਾਂ ਵਿਚ ਵੀ ਨਿੱਖੜ ਕੇ ਸੁਣੀਂਦੇ ਹਨ। ਲਾਊਡ ਸਪੀਕਰਾਂ ਦੇ ਜ਼ਮਾਨੇ ਤੋਂ ਪਹਿਲਾਂ ਇਉਂ ਜਾਪਦਾ ਸੀ ਕਿ ਕੀਰਤਨੀਏ ਦੀ ਆਵਾਜ਼ ਆਮ ਤੋਂ ਉੱਚੀ ਪਰ ਮੁਲਾਇਮ ਹੋ ਜਾਂਦੀ ਹੈ। ਉਨ੍ਹਾਂ ਸਮਿਆਂ ਵਿਚ ਭਾਈ ਦੇਸੇ ਦੀ ਆਵਾਜ਼ ਹਰਿਮੰਦਰ ਦੀ ਬਾਹਰਲੀ ਪਰਕਰਮਾ ਵਿਚ ਹੀ ਨਹੀਂ, ਸਗੋਂ ਸਰੋਵਰ ਦੇ ਦੁਆਲੇ ਦੀ ਵੱਡੀ ਪਰਕਰਮਾ ਵਿਚੋਂ ਵੀ ਸੁਣੀ ਜਾਂਦੀ ਸੀ। ਲਾਊਡ ਸਪੀਕਰਾਂ ਨੇ ਸਾਡੇ ਗਵੱਈਆਂ ਦੀਆਂ ਆਵਾਜ਼ਾਂ ਨੂੰ ਲਾਗਰ ਬਣਾ ਛੱਡਿਆ ਹੈ। ਹਰਿਮੰਦਰ ਦੀ ਬਣਤਰ ਹੀ ਐਸੀ ਹੈ ਕਿ ਹੋ ਰਿਹਾ ਕੀਰਤਨ ਇਸ ਦੇ ਅੰਦਰ ਕਿਤੇ ਵੀ ਬੈਠੇ ਵਿਅਕਤੀ ਨੂੰ ਸੁਣਾਈ ਦੇ ਸਕਦਾ ਹੈ। ਇਸ ਧੁਨੀ-ਸੰਜਮ ਦੇ ਤਿੰਨ ਵੱਡੇ ਕਾਰਨ ਜਾਪਦੇ ਹਨ। ਇੱਕ ਤਾਂ ਇਸ ਦੇ ਬੂਹੇ-ਬਾਰੀਆਂ ਦੀ ਬਹੁਤਾਤ ਆਵਾਜ਼ ਨੂੰ ਗੂੰਜਣ ਨਹੀਂ ਦਿੰਦੀ। ਦੂਜੇ ਹਰਿਮੰਦਰ ਦੀਆਂ ਕੰਧਾਂ ਇੰਨੀਆਂ ਦੂਰ-ਦੂਰ ਨਹੀਂ ਕਿ ਆਵਾਜ਼ ਦੀਆਂ ਛੌਆਂ ਇਹਨਾਂ ਨਾਲ ਟਕਰਾ ਕੇ ਮੁੜਨ ਤੇ ਗੂੰਜ ਪੈਦਾ ਕਰਨ। ਗੂੰਜ ਨੂੰ ਗੁੰਬਦ ਦੀ ਆਵਾਜ਼ ਵੀ ਕਹਿੰਦੇ ਹਨ। ਹਰਿਮੰਦਰ ਦੀ ਛੱਤ ਹੇਠੋਂ ਉੱਪਰੋਂ ਪੱਧਰੀ ਹੈ। ਗੁੰਬਦ ਇਸ ਛੱਤ ਤੇ ਬਣੀ ਇਕ ਬਾਰਾਂਦਰੀ ਤੇ ਸਥਾਪਤ ਹੈ। ਗੁੰਬਦ ਦੀ ਆਵਾਜ਼ ਤਾਂ ਹੀ ਬਣਦੀ ਹੈ ਜੇ ਗੁੰਬਦ ਹੀ ਛੱਤ ਹੋਵੇ ਤਾਂ।

ਹਰਿ-ਕੀਰਤਨ ਮਾਨੋਂ ਸਦਾ-ਸੁੰਦਰ ਹਰਿਮੰਦਰ ਕੰਵਲ ਦੀ ਖ਼ੁਸ਼ਬੋ ਹੈ, ਜਿਸ ਦੀਆਂ ਲਪਟਾਂ ਹਰਿਮੰਦਰ ਦੀਆਂ ਬਾਰੀਆਂ ਰੂਪੀ ਪੰਖੜੀਆਂ ਵਿਚੋਂ ਨਿਕਲਦੀਆਂ ਤੇ ਅਕਾਸ਼ ਵਿਚ, ਜੋ ਪਰਮਾਤਮਾ ਦਾ ਪ੍ਰਤੀਕ ਹੈ, ਲੀਨ ਹੁੰਦੀਆਂ ਜਾਂਦੀਆਂ ਹਨ।

ਹਰਿ-ਜਸ ਗਾਇਆ ਕੀਰਤਨ ਹੈ। ਬਾਣੀ ਵਿਚ ਹਰਿ-ਜਸ ਹੈ। ਵਧੇਰੇ ਗੁਰਬਾਣੀ ਤੇ ਭਗਤ-ਬਾਣੀ ਰਾਗਾਂ ਵਿਚ ਹੈ ਤੇ ਗਾਉਣ ਲਈ ਰਚੀ ਗਈ ਹੈ। ਜਿਹੜੀ ਬਾਣੀ ਰਾਗਾਂ ਵਿਚ ਨਹੀਂ ਉਸ ਦੇ ਸਰੂਪ ਤੇ ਆਤਮਾ ਵਿਚ ਵੀ ਸੰਗੀਤਕਤਾ ਹੈ। ਰਾਗ ਰੱਬੀ ਦਾਤ ਹੈ ਤੇ ਆਰੀਆਂ ਦੀਆਂ ਪਰਮਾਤਮਾ-ਸਤੁਤੀ ਸਬੰਧੀ ਸੰਸਕ੍ਰਿਤ ਰਚਨਾਵਾਂ ਵੀ ਸੰਗੀਤਕ ਹਨ। ਪਤਾ ਨਹੀਂ ਕਿਵੇਂ ਸਾਮੀ ਸਭਿਅਤਾ ਜਾਂ ਕਿਸੇ ਹੋਰ ਸਭਿਅਤਾ ਦੇ ਪ੍ਰਭਾਵ ਨਾਲ ਰਾਗ ਨੂੰ ਬੁਰਾ ਸਮਝਿਆ ਜਾਣ ਲੱਗ ਪਿਆ। ਇਸ ਤਰ੍ਹਾਂ 'ਰਾਗ' ਕੰਚਨੀਆਂ ਦੇ ਘਰੀਂ ਜਾ ਵੜਿਆ ਤੇ ਲੋਕ ਮਗਰ-ਮਗਰ ਉਹਨਾਂ ਦੀ ਘਰੀਂ। ਰਾਗ ਵਿਚ ਜ਼ਬਰਦਸਤ ਆਕਰਸ਼ਣ ਹੈ। ਰਾਗ ਦਾ ਸੰਬੰਧ ਜਜ਼ਬਿਆਂ ਨਾਲ ਹੈ। ਇਹ ਜਜ਼ਬਿਆਂ ਨੂੰ ਹਲੂਣਦਾ ਤੇ ਉਤੇਜਿਤ ਕਰਦਾ ਹੈ। ਕਵਿਤਾ ਵਿਚ ਜਿੱਥੇ ਜਜ਼ਬੇ ਹੁੰਦੇ ਹਨ ਉਥੇ ਮੂਰਤੀਮਾਨ ਵਿਚਾਰ ਵੀ ਹੁੰਦੇ ਹਨ। ਜੇ ਮੂਰਤੀਮਾਨ ਉੱਚੇ ਉੱਚੇ ਵਿਚਾਰ, ਭਾਵਾਂ ਨਾਲ ਸ਼ਕਤੀਸ਼ਾਲੀ ਹੋਕੇ, ਤੇ ਸੰਗੀਤ ਵਿਚ ਸੰਜੋਏ ਜਾ ਕੇ ਮਨੁੱਖੀ ਮਨ ਵਿਚ ਪ੍ਰਵੇਸ਼ ਪਾਉਣ ਤਾਂ ਇਹ ਵਿਅਕਤੀ ਤੇ ਸਮਾਜ ਦੋਹਾਂ ਲਈ ਕਲਿਆਣਕਾਰੀ ਹੋ ਜਾਂਦੇ ਹਨ। ਇਹ ਮੁਰਦਿਆਂ ਵਿਚ ਨਵੀਂ ਰੂਹ ਫੂਕ ਦੇਂਦੇ ਹਨ। ਬਾਵਾ ਬਲਵੰਤ ਨੇ ਕਿਹਾ ਹੈ :—

ਸੁਰ ਹੋ ਕੇ ਰਾਗ ਕਵਿਤਾ ਜੇ ਗੀਤ ਕੋਈ ਗਾਏ।

ਚਾਲੂ ਕਰੇ ਅਚਲ ਨੂੰ, ਕਬਰਾਂ ਨੂੰ ਖੰਭ ਲਾਏ ।

[ਮਹਾਂ ਨਾਚ]

ਹਰਿ-ਜੱਸ ਤੇ ਅਧਿਆਤਮਕ ਰਾਗਾਂ ਵਿਚ ਗਾਇਆ ਇਕ ਵਿਸਮਾਦੀ ਆਵੇਸ਼ ਬਣ ਜਾਂਦਾ ਹੈ । ਇਸ ਗੱਲ ਦਾ ਪਰਤਾਵਾ ਲੈਣਾ ਹੋਵੇ ਤਾਂ ਹਰਿਮੰਦਰ ਵਿਚ ਹੋ ਰਹੇ ਕੀਰਤਨ ਨੂੰ ਸ੍ਰਵਣ ਕੀਤਾ ਜਾਵੇ । ਹਰਿ-ਕੀਰਤਨ ਉਹਨਾਂ ਵਿਸ਼ੇ-ਵਾਸ਼ਨਾਵਾਂ ਤੋਂ ਹੋੜਦਾ ਹੈ । ਜਿਨ੍ਹਾਂ ਵਲ ਬਾਜ਼ਾਰੀ ਤੇ ਕੋਠਿਆਂ ਦਾ ਰਾਗ ਪ੍ਰੇਰਦਾ ਹੈ । ਇਹ ਬਿਰਤੀ ਨੂੰ ਉੱਚੇ ਮੰਡਲੀਂ ਲੈ ਜਾਂਦਾ ਹੈ । ਮਨੁੱਖ ਦਾ ਮਨ, ਬਚਨ ਤੇ ਕਰਮ ਸ਼ੁਧ ਹੁੰਦੇ ਹਨ ਤੇ ਮਜੀਠੀ ਰੰਗ ਚੜ੍ਹਦਾ ਹੈ ।

ਮੈਂ ਹਰਿਮੰਦਰ ਵਿਚ ਭਾਈ ਸਾਈਂ ਦਿੱਤਾ, ਭਾਈ ਦੇਸਾ, ਭਾਈ ਸੁੰਦਰ ਸਿੰਘ, ਭਾਈ ਸੰਤਾ ਸਿੰਘ ਤੇ ਭਾਈ ਚਾਂਦ ਦਾ ਕੀਰਤਨ ਸੁਣਿਆ ਹੈ । ਭਾਈ ਸਾਈਂ ਦਿੱਤਾ ਸਾਰੇ ਸਰੀਰ ਤੇ ਰੂਹ ਦੇ ਜ਼ੋਰ ਨਾਲ ਕੀਰਤਨ ਕਰਦੇ ਸਨ । ਉਹਨਾਂ ਸਮਿਆਂ ਵਿਚ ਹਰਿਮੰਦਰ ਵਿਚ ਨਾ ਬਿਜਲੀ ਹੁੰਦੀ ਸੀ ਤੇ ਨਾ ਬਿਜਲੀ ਦੇ ਪੱਖੇ । ਗਰਮੀਆਂ ਵਿਚ ਸੰਗਤਾਂ ਵਿਚੋਂ ਹੀ ਸੇਵਾ ਕਰਨ ਵਾਲੇ ਉਠਦੇ ਸਨ ਤੇ ਵੱਡੇ ਦਸਤੀ ਪੱਖਿਆ ਨਾਲ ਸੰਗਤਾਂ ਦੀ ਸੇਵਾ ਕਰਦੇ ਸਨ । ਭਾਈ ਸਾਈਂ ਦਿੱਤਾ ਜੀ ਕੀਰਤਨ ਕਰਦਿਆਂ ਕਦੇ ਕਿਸੇ ਨੂੰ ਆਪਣੇ ਤੇ ਪੱਖਾ ਨਹੀਂ ਸਨ ਝੱਲਣ ਦਿੰਦੇ । ਉਹ ਮੁੜ-ਮੁੜ ਕੇ ਘੜੀ ਵਲ ਨਹੀਂ ਸਨ ਦੇਖਦੇ, ਜਿਹੜੀ ਉਹਨਾਂ ਦੀ ਪਿੱਠ ਪਿੱਛੇ ਪੂਰਬੀ ਬੂਹੇ ਦੇ ਉੱਪਰ ਲੱਗੀ ਹੁੰਦੀ ਸੀ। ਮੈਂ ਉਹਨਾਂ ਨੂੰ ਇਕ ਵੱਡੇ ਜਗੀਰਦਾਰ ਸਰਦਾਰ ਨੂੰ, ਜੋ ਜੰਜ ਨਾਲ ਉਹਨਾਂ ਨੂੰ ਲਿਜਾਣਾ ਚਾਹੁੰਦਾ ਸੀ, ਇਹ ਕਹਿੰਦਿਆਂ ਸੁਣਿਆ ਸੀ, "ਸਰਦਾਰ ਸਾਹਿਬ, ਮੈਂ ਗੁਰਬਾਣੀ ਤੋਂ ਬਾਹਰ ਕੁੱਝ ਗਾਇਨ ਨਹੀਂ ਕਰਦਾ । ਜੇ ਤੁਸੀਂ ਬਾਣੀ ਦਾ ਕੀਰਤਨ ਸੁਣਨਾ ਹੈ ਤਾਂ ਮੈਂ ਜਾ ਸਕਦਾ ਹਾਂ । ਜੇ ਕੋਈ ਹੋਰ ਗਾਣੇ ਸੁਣਨੇ ਹਨ ਤਾਂ ਕੋਈ ਹੋਰ ਪ੍ਰਬੰਧ ਕਰ ਲਵੋ ।" ਉਹ ਕਹਿੰਦੇ ਹੁੰਦੇ ਹਨ ਕਿ ਗੁਰਬਾਣੀ ਦੇ ਕੀਰਤਨ ਲਈ ਮੇਰੀ ਕੋਈ ਮੰਗ ਨਹੀਂ । ਕਹਿੰਦੇ ਹਨ ਕਿ ਇਸ ਗੱਲੋਂ ਉਹਨਾਂ ਨੂੰ ਕਈ ਵਾਰੀ ਪਰਤਾ ਵੀ ਲਿਆ ਗਿਆ ਸੀ ।

ਇਕ ਵਾਰੀ ਦੀ ਗੱਲ ਹੈ ਕਿ ਬੜੀ ਗਰਮੀ ਪਈ । ਸਾਉਣ ਲੰਘ ਗਿਆ, ਪਰ ਮੀਂਹ ਦੀ ਇਕ ਛਿੱਟ ਨਾ ਪਈ । ਸ਼ਹਿਰ ਤੇ ਪਿੰਡਾਂ ਵਿਚ ਹਾਹਾਕਾਰ ਮਚ ਗਈ । ਸਮੇਂ ਸਿਰ ਮੀਂਹ ਨਾ ਵਰ੍ਹਨ ਤੇ ਲੋਕ ਬਾਬੇ ਅਟੱਲ ਸਾਹਿਬ ਦੇ ਗੁਰਦੁਆਰੇ ਦੀ ਇਮਾਰਤ ਨੂੰ ਇਸ਼ਨਾਨ ਕਰਾਇਆ ਕਰਦੇ ਸਨ । ਉਹਨੀਂ ਦਿਨੀਂ ਇਹ ਕੋਈ ਸੌਖਾ ਕੰਮ ਨਹੀਂ ਸੀ । ਮਰਦ-ਤੀਵੀਆਂ, ਬੁੱਢੇ-ਬੱਚੇ ਸਾਰੇ ਕੋਰੀਆਂ ਝਜਰੀਆਂ ਲੈ ਕੇ, ਕੌਲਸਰ ਵਿਚੋਂ ਪਾਣੀ ਭਰ ਕੇ ਨੌਂ ਮੰਜ਼ਲਾਂ ਚੜ੍ਹਦੇ ਸਨ ਤੇ ਇਸ ਤਰ੍ਹਾਂ ਸਾਰੇ ਦਿਨ ਵਿਚ ਇਸ਼ਨਾਨ ਮੁਕੰਮਲ ਹੁੰਦਾ ਸੀ । ਅਕਸਰ ਇੰਦਾਂ ਕਰਨ ਤੇ ਇਕ ਅੱਧ ਦਿਨ ਦਾ ਅੱਗਾ-ਪਿਛਾ ਕਰ ਕੇ ਮੀਂਹ ਪੈ ਹੀ ਜਾਇਆ ਕਰਦਾ ਸੀ । ਪਰ ਕਈ ਦਿਨ ਲੰਘ ਗਏ ਇਸ ਵਾਰ, ਤੇ ਮੀਂਹ ਫੇਰ ਵੀ ਨਾ ਵਰ੍ਹਿਆ । ਇਹ ਮੇਰੇ ਦੇਖਣ ਦੀ ਗੱਲ ਹੈ ਕਿ ਭਾਈ ਸਾਈਂ ਦਿੱਤੇ ਦੀ ਚੌਕੀ ਤੋਂ ਪਹਿਲਾਂ ਹੀ ਸੰਗਤਾਂ ਨੇ ਭਾਈ ਸਾਹਿਬ ਨੂੰ ਹਰਿਮੰਦਰ ਸਾਹਿਬ ਦੇ ਬਾਹਰ ਪੁਲ ਤੇ ਰੋਕ ਕੇ ਬੇਨਤੀ ਕੀਤੀ ਕਿ ਭਾਈ ਸਾਹਿਬ ਵਰਖਾ ਨਹੀਂ ਹੋ ਰਹੀ ਤੇ ਤੁਸੀਂ ਗੁਰੂ ਘਰ ਦੇ ਹਜ਼ੂਰੀ

ਕੀਰਤਨੀਏ ਹੋ, ਕੁੱਝ ਕਿਰਪਾ ਕਰੋ। ਭਾਈ ਜੀ ਨੇ ਕਿਹਾ, "ਮੈਂ ਤਾਂ ਗੁਰੂ ਘਰ ਦਾ ਕੂਕਰ ਹਾਂ। ਮੇਰੇ ਵੱਸ ਕੀ ਹੈ ? ਤੁਸੀਂ ਸਾਰੀ ਸੰਗਤ ਵਾਹਿਗੁਰੂ ਅੱਗੇ ਅਰਦਾਸ ਕਰੋ। ਮੈਂ ਵੀ ਅਰਦਾਸ ਹੀ ਕਰ ਸਕਦਾ ਹਾਂ। ਆਓ ਅੰਦਰ ਅਰਦਾਸ ਵਿਚ ਜੁੜੀਏ। ਉਹ ਕਰਨ-ਕਾਰਨ ਸਮਰੱਥ ਹੈ।"

ਅੰਦਰ ਜਾ ਕੇ ਭਾਈ ਭਾਈ ਸਾਹਿਬ ਨੇ ਵਾਜੇ ਤੇ ਸਿਰ ਰੱਖ ਕੇ ਮੱਥਾ ਟੇਕਿਆ ਤੇ ਢੇਰ ਚਿਰ ਸਿਰ ਨਾ ਚੁਕਿਆ। ਫੇਰ ਸਿਰ ਚੁੱਕ ਕੇ ਨਿਮਰਤਾ ਭਾਵ ਨਾਲ ਸੰਗਤ ਵਲ ਦੇਖਿਆ, ਹੱਥ ਜੋੜੇ ਤੇ ਕੀਰਤਨ ਕਰਨ ਦੀ ਆਗਿਆ ਮੰਗੀ। ਕੀਰਤਨ ਦਾ ਆਰੰਭ ਹੋਇਆ। ਉਸ ਦਿਨ ਸਾਰੇ ਪੱਕੇ ਰਾਗ ਹੀ ਗਾਏ ਗਏ। ਸਾਰੇ ਕੀਰਤਨ ਵਿਚ ਭਾਈ ਸਾਹਿਬ ਦੀ ਮੁਖ-ਮੁਦ੍ਰਾ ਬੇਨਤੀ ਹੀ ਬਣੀ ਰਹੀ। ਗਰਮੀ ਦੀ ਹੱਦ। ਭਾਈ ਸਾਈਂ ਦਿੱਤਾ ਉਸ ਦੇ ਪੁੱਤਰ ਭਾਈ ਦੇਸਾ ਤੇ ਪਖਾਵਜੀ ਭਾਈ ਸੰਤੇ ਦਿਆਂ ਸਰੀਰਾਂ ਤੋਂ ਪਰਸੀਨਾ ਵਗ-ਵਗ ਕੇ ਕਪੜਿਆਂ ਨੂੰ ਗੜੁਚ ਕਰ ਰਿਹਾ ਸੀ। ਸਾਨੂੰ ਮਗਰੋਂ ਪਤਾ ਲਗਾ ਕਿ ਸਾਰੀਆਂ ਬੇਨਤੀਆਂ ਬਾਣੀ ਦੁਆਰਾ ਮੇਘ, ਮਲਾਰ ਤੇ ਦੇਸ ਰਾਗਾਂ ਵਿਚ ਕੀਤੀਆਂ ਗਈਆਂ ਸਨ। ਕਿਸੇ ਸੱਜਣ ਨੇ ਬਾਹਰੋਂ ਆ ਕੇ ਕਿਸੇ ਨੂੰ ਕੰਨ ਵਿਚ ਕਿਹਾ ਕਿ ਪੱਛਮ ਵੱਲ ਬੱਦਲੀ ਉਠੀ ਹੈ। ਕੰਨੋਂ-ਕੱਨੀਂ ਸਾਰੇ ਗੱਲ ਫੈਲ ਗਈ। ਪਲੋ-ਪਲੀ ਵਿਚ ਬੱਦਲ ਛਾ ਗਿਆ ਤੇ ਕਿਣ-ਮਿਣ ਹੋਣ ਲੱਗੀ। ਟੁਣਕਦੇ ਰੁਪਈਆਂ ਦਾ ਸਮਾਂ ਸੀ। ਭਾਈ ਜੀ ਦੇ ਸਾਹਮਣੇ ਰੁਪਈਏ ਵਰ੍ਹਨ ਲੱਗੇ। ਕੀਰਤਨ ਦੀ ਸਮਾਪਤੀ ਤੇ ਭਾਈ ਜੀ ਨੇ ਕੋਈ ਪੰਜ ਮਿੰਟ ਮੱਥਾ ਟੇਕੀ ਰੱਖਿਆ। ਬਾਹਰ ਆਉਣ ਤੇ ਸੰਗਤਾਂ ਨੇ ਫੇਰ ਉਹਨਾਂ ਨੂੰ ਘੇਰ ਲਿਆ। ਸੰਗਤਾਂ ਧੰਨਵਾਦ ਕਰ ਰਹੀਆਂ ਸਨ ਤੇ ਭਾਈ ਸਾਹਿਬ ਕਹਿ ਰਹੇ ਸਨ, "ਧੰਨ! ਧੰਨ! ਧੰਨ! ਵਾਹਿਗੁਰੂ ਨੇ ਆਪਣੇ ਘਰ ਦੇ ਕੂਕਰ ਦੀ ਲਾਜ ਰੱਖ ਲਈ ਹੈ।"

ਇਹੋ ਜਿਹੇ ਕੀਰਤਨੀਏ ਭਾਈ ਜੀ ਤੋਂ ਪਹਿਲੋਂ ਤੇ ਮਗਰੋਂ ਹਰਿਮੰਦਰ ਵਿਚ ਕੀਰਤਨ ਕਰਦੇ ਰਹੇ। ਭਾਈ ਸੁੰਦਰ ਸਿੰਘ ਬਾਰੇ ਤਾਂ ਰਵੀ ਬਾਬੂ ਨੇ ਇਥੋਂ ਤੱਕ ਕਹਿ ਦਿੱਤਾ ਸੀ, "ਭਾਈ ਜੀ ਹਰਿਮੰਦਰ ਮੇਂ ਕੀਰਤਨ ਕਰਤਾ ਹੈ, ਨਹੀਂ ਤੋ ਹਮ ਉਸ ਕੋ ਚੁਰਾ ਕੇ ਲੇ ਜਾਤਾ।" ਕਹਿੰਦੇ ਹਨ ਰਾਵਿੰਦਰ-ਸੰਗੀਤ ਉੱਤੇ ਸਿੱਖ-ਕੀਰਤਨ ਦਾ ਬੜਾ ਪ੍ਰਭਾਵ ਹੈ। ਇਹ ਪ੍ਰਭਾਵ ਉਨ੍ਹਾਂ ਤੇ ਉਦੋਂ ਪਿਆ ਸੀ ਜਦੋਂ ਰਵੀ ਬਾਬੂ ਬਚਪਨ ਵਿਚ ਆਪਣੇ ਪਿਤਾ ਜੀ ਨਾਲ ਸ੍ਰੀ ਹਰਿਮੰਦਰ ਦੇ ਦਰਸ਼ਨਾਂ ਲਈ ਆਇਆ ਕਰਦੇ ਸਨ।

# ਸੰਗੀਤ-ਪ੍ਰੀਖਿਆ ਭਵਨ ਤੋਂ ਸਟੇਜ ਤੱਕ

ਪ੍ਰੋ. ਬਲਬੀਰ ਸਿੰਘ ਨੀਲਮ
ਨੀਲਮ ਸੰਗਤ ਮੰਦਰ
ਪੰਡੋਰਾ ਨਵਾਂ ਸ਼ਹਿਰ
ਜ਼ਿਲ ਹੁਸ਼ਿਆਰਪੁਰ

ਹਰ ਵਿਦਿਆਰਥੀ ਦਾ ਉਦੇਸ਼ ਹੁੰਦਾ ਹੈ ਕਿ ਉਹ ਚੰਗੇ ਨੰਬਰ ਲੈ ਕੇ ਪ੍ਰੀਖਿਆ ਪਾਸ ਕਰੇ। ਉਹ ਸਾਰਾ ਸਾਲ ਇਸਦੀ ਪ੍ਰਾਪਤੀ ਵਿਚ ਲੱਗਾ ਰਹਿੰਦਾ ਹੈ; ਪਰੰਤੂ ਵੇਖਣ ਵਿਚ ਆਇਆ ਹੈ ਕਿ ਵਿਦਿਆਰਥੀ ਕਠਿਨ ਮਿਹਨਤ ਦੇ ਬਾਵਜੂਦ ਵੀ ਪ੍ਰੀਖਿਆ ਵਿਚ ਪੂਰਾ ਨਹੀਂ ਉਤਰਦਾ। ਇਸਦਾ ਕੀ ਕਾਰਨ ਹੈ ? ਇਸ ਬਾਰੇ ਅਸੀਂ ਵਿਚਾਰ ਕਰਨੀ ਹੈ ?

ਸੰਗੀਤ ਕਲਾ ਬਾਕੀ ਸਾਰੀਆਂ ਲਲਿਤ ਕਲਾਵਾਂ ਵਿਚੋਂ ਉੱਤਮ ਮੰਨੀ ਜਾਂਦੀ ਹੈ। ਇਹ ਕਲਾ ਦੇਵਤਿਆਂ ਦੀ ਕਲਾ ਹੈ ਅਤੇ ਦੇਵਤਿਆਂ ਦੁਆਰਾ ਹੀ ਧਰਤੀ ਉਤੇ ਆਈ ਹੈ। ਸਾਧਾਰਨ ਵਿਅਕਤੀ ਇਸ ਕਲਾ ਨੂੰ ਬਹੁਤ ਸੌਖੀ ਕਲਾ ਸਮਝਦਾ ਹੈ; ਪਰ ਇਸ ਨੂੰ ਜਾਨਣਾ ਹਵਾ ਨੂੰ ਬੰਨਣਾ ਹੈ। ਇਸ ਦਾ ਰਿਆਜ਼ ਇਸ ਕਲਾ ਦੇ ਪਾਰਖੂ ਲਈ ਬੰਦਗੀ ਤੋਂ ਘੱਟ ਨਹੀਂ, ਕਿਉਂਕਿ ਸਫ਼ਲਤਾ ਦਾ ਸਾਧਨ ਸਬਰ ਹੈ। ਸਬਰ ਨਾਲ ਅਭਿਆਸ ਕਰਨ ਨਾਲ ਭਾਵੇਂ ਹਰ ਵਿਦਿਆਰਥੀ ਤਾਨਸੈਣ ਜਾਂ ਪੰਡਿਤ ਰਵਿ ਸ਼ੰਕਰ ਨਾ ਵੀ ਬਣੇ ਪਰ ਇੱਕ ਅੱਛਾ ਸੰਗੀਤਕਾਰ ਜ਼ਰੂਰ ਬਣ ਸਕਦਾ ਹੈ ਅਤੇ ਆਪਣੇ ਮਕਸਦ ਵਿਚ ਕਾਮਯਾਬ ਹੋ ਸਕਦਾ ਹੈ।

ਇਸ ਕਲਾ ਦੀ ਸਫ਼ਲਤਾ ਕਈਆਂ ਗੱਲਾਂ ਉੱਤੇ ਨਿਰਭਰ ਕਰਦੀ ਹੈ। ਰਿਆਜ਼ੀ ਵਿਦਿਆਰਥੀ ਜੇਕਰ ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦੇਵੇ ਤਾਂ ਆਪਣੀ ਕਲਾ ਦਾ ਅੱਛੀ ਤਰ੍ਹਾਂ ਪ੍ਰਦਰ ਸ਼ਨ ਕਰ ਸਕਦਾ ਹੈ ਅਤੇ ਪ੍ਰੈਕਟੀਕਲ ਵਿਚੋਂ ਚੰਗੇ ਨੰਬਰ ਲੈ ਕੇ ਪਾਸ ਹੋ ਸਕਦਾ ਹੈ।

ਸਭ ਤੋਂ ਪਹਿਲਾਂ ਕਲਾਕਾਰ ਨੂੰ ਆਪਣੀ ਸਿਹਤ ਦਾ ਖਿਆਲ ਰੱਖਣਾ ਚਾਹੀਦਾ ਹੈ ਅਤੇ ਅਲਪ-ਆਹਾਰੀ ਹੋਣਾ ਚਾਹੀਦਾ ਹੈ। ਭੋਜਨ ਸਾਫ ਅਤੇ ਸਾਦਾ ਹੋਵੇ। ਰਿਆਜ਼ ਕਰਨ ਤੋਂ ਪਹਿਲਾਂ ਕਦੇ ਵੀ ਪੇਟ ਭਰਕੇ ਖਾਣਾ ਨਹੀਂ ਖਾਣਾ ਚਾਹੀਦਾ। ਇਸ ਨਾਲ ਸਾਹ ਚੜ੍ਹਦਾ ਹੈ, ਸੁਸਤੀ ਪੈਂਦੀ ਹੈ ਅਤੇ ਕਈ ਵਾਰ ਤਾਂ ਵੱਖੀ ਵੀ ਦਰਦ ਕਰਨ ਲੱਗ ਪੈਂਦੀ ਹੈ।

ਦੂਸਰੀ ਗੱਲ ਇਹ ਹੈ ਕਿ ਵਿਦਿਆਰਥੀ ਦਾ ਹੌਸਲਾ ਹੋਣਾ ਬੜਾ ਜ਼ਰੂਰੀ ਹੈ। ਉਸਨੂੰ ਸਦਾ ਨਿਰਭੈ ਹੋ ਕੇ ਪ੍ਰੀਖਿਆ ਭਵਨ ਅਤੇ ਸਟੇਜ ਤੇ ਜਾਣਾ ਚਾਹੀਦਾ ਹੈ ਤਾਂ ਕਿ ਉਹ ਆਪਣੀ ਕਲਾ ਦਾ ਅੱਛੀ ਤਰ੍ਹਾਂ ਪ੍ਰਦਰਸ਼ਨ ਕਰ ਸਕੇ। ਵਿਦਿਆਰਥੀ ਦਾ ਪਹਿਲਾ

ਪ੍ਰਭਾਵ, ਭਾਵੇਂ ਉਹ ਪ੍ਰੀਖਿਅਕ ਉਤੇ ਹੋਵੇ ਜਾਂ ਸਰੋਤਿਆਂ ਉਤੇ, ਉਸ ਦੀ ਸਖਸ਼ੀਅਤ ਦਾ ਪੈਂਦਾ ਹੈ। ਹਰ ਵਿਅਕਤੀ ਦੀ ਸਖਸ਼ੀਅਤ ਕਾਫ਼ੀ ਹੱਦ ਤੱਕ ਉਸਦੀ ਪੁਸ਼ਾਕ ਤੋਂ ਪਛਾਣੀ ਜਾਂਦੀ ਹੈ। ਸ਼ਾਸਤਰੀ ਸੰਗੀਤ ਦੀ ਪੁਸ਼ਾਕ ਪੱਛਮੀ ਸਭਿਅਤਾ ਅਨੁਸਾਰ ਨਹੀਂ ਹੋਣੀ ਚਾਹੀਦੀ ਅਤੇ ਨਾ ਹੀ ਤੰਗ, ਜਿਸ ਨਾਲ ਉਸ ਨੂੰ ਗਾਉਣ ਵਜਾਉਣ ਸਮੇਂ ਮੁਸ਼ਕਲ ਪੇਸ਼ ਆਵੇ।

ਸੰਗੀਤਕਾਰ ਨੂੰ ਆਪਣੀਆਂ ਹਰਕਤਾਂ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ। ਆਪਣੀਆਂ ਹਰਕਤਾਂ ਸੋਧਣ ਲਈ ਉਸ ਨੂੰ ਆਦਮ-ਕੱਦ ਸ਼ੀਸ਼ਾ ਸਾਹਮਣੇ ਰੱਖਕੇ ਰਿਆਜ਼ ਕਰਨਾ ਚਾਹੀਦਾ ਹੈ। ਕਈ ਵਿਅਕਤੀ ਰਿਆਜ਼ ਸਮੇਂ, ਆਪਣੇ ਚਿਹਰੇ ਦੀ ਸ਼ਕਲ ਵਿਗਾੜ ਲੈਂਦੇ ਹਨ, ਜਿਵੇਂ : ਜ਼ਿਆਦਾ ਮੂੰਹ ਅੱਡਣਾ, ਮੂੰਹ ਵਿੰਗਾ ਕਰਕੇ ਗਾਉਣਾ ਅਤੇ ਦੰਦ ਕਰੀਚਣੇ, ਖੁਸ਼ੀ ਵਾਲਾ ਗਾਣਾ ਵੀ ਰੋਂਦਿਆਂ ਵਾਂਗ ਗਾਣਾ, ਮੋਢੇ ਉਲਾਰਨੇ, ਵਾਰ-ਸਿਰ ਮਾਰਨਾ, ਉੱਲਰ-ਉੱਲਰ ਕੇ ਗਾਣਾ ਜਾਂ ਬਜਾਣਾ, ਕੁੱਝ ਕੋਝੀਆਂ ਹਰਕਤਾਂ ਹਨ ਜਿਨ੍ਹਾਂ ਨਾਲ ਦਰਸ਼ਕਾਂ ਉੱਤੇ ਅਤੇ ਪ੍ਰੀਖਿਅਕ ਤੇ ਭੈੜਾ ਅਸਰ ਪੈਂਦਾ ਹੈ।

ਪ੍ਰੀਖਿਆ ਭਵਨ ਵਿਚ ਜਾਣ ਤੋਂ ਪਹਿਲਾਂ ਚੰਗੀ ਤਰ੍ਹਾਂ ਰਿਆਜ਼ ਕਰਨਾ ਚਾਹੀਦਾ ਹੈ, ਸੁਰ ਅਤੇ ਰਾਗਾਂ ਦੇ ਪੂਰੇ ਚਲਨ ਦਾ ਪੂਰਾ ਪਤਾ ਹੋਣਾ ਚਾਹੀਦਾ ਹੈ। ਗਲੇ ਅਤੇ ਉਂਗਲਾਂ ਉਤੇ ਪੂਰਾ ਭਰੋਸਾ ਹੋਣਾ ਚਾਹੀਦਾ ਹੈ। ਜਿਹੜਾ ਮੇਰਾ ਸਾਜ਼ ਹੈ ਉਹ ਠੀਕ ਹੈ, ਉਹ ਸੁਰ ਵਿਚ ਹੈ ਅਤੇ ਉਸਦੀ ਜਾਣਕਾਰੀ ਹੋਣੀ ਚਾਹੀਦੀ ਹੈ। ਜਿਹੜੀ ਚੀਜ਼ ਵਜਾਉਣੀ ਹੈ ਉਸਦਾ ਪੂਰਾ-ਪੂਰਾ ਗਿਆਨ ਹੋਣਾ ਚਾਹੀਦਾ ਹੈ।

ਪ੍ਰੀਖਿਆ-ਭਵਨ ਵਿਚ ਜਾ ਕੇ ਨਜ਼ਰ ਭਰਕੇ ਦੇਖੋ ਕਿ ਪ੍ਰੀਖਿਅਕ ਤੋਂ ਬਗੈਰ ਹੋਰ ਕੌਣ ਬੈਠਾ ਹੈ। ਫਿਰ ਦਾਖਲੇ ਲਈ ਇਜਾਜ਼ਤ ਲੈ ਕੇ ਪ੍ਰੀਖਿਅਕ ਨੂੰ ਯਥਾ ਯੋਗ ਨਮਸਕਾਰ ਕਰਕੇ ਆਪਣੀ ਪਸੰਦ ਦਾ ਰਾਗ ਜਾਂ ਤਾਲ ਸ਼ੁਰੂ ਕਰ ਦੇਵੇ। ਇਸ ਸਮੇਂ ਕਾਹਲ ਦੀ ਲੋੜ ਨਹੀਂ ਹੁੰਦੀ ਸਗੋਂ ਠਰੰਮੇ ਦੀ ਲੋੜ ਹੁੰਦੀ ਹੈ ਤਾਂ ਕਿ ਸੁਰ ਠੀਕ ਤਰ੍ਹਾਂ ਨਿੱਖਰ ਸਕੇ। ਤੇਜ਼ੀ ਕਰਨ ਨਾਲ ਸੁਰ ਦੇ ਵਿਗੜਨ ਦਾ ਡਰ ਹੁੰਦਾ ਹੈ। ਹੌਲੀ ਅਤੇ ਠਰੰਮੇ ਨਾਲ ਲੈਅ ਵਿਚ ਵਜਾਣ ਨਾਲ ਸੁਰ ਨਿੱਖਰਦਾ ਹੈ ਅਤੇ ਸੁਰ ਦਾ ਨਿਖਰਨਾ ਹੀ ਕਲਾ ਹੈ। ਕਦੇ ਵੀ ਆਪਣੇ ਆਪ ਨੂੰ ਕਿਸੇ ਨਾਲੋਂ ਘੱਟ ਨਹੀਂ ਸਮਝਣਾ ਚਾਹੀਦਾ। ਪ੍ਰਸ਼ਨਾਂ ਦੇ ਉੱਤਰ ਸੰਖੇਪ ਦੇਣੇ ਚਾਹੀਦੇ ਹਨ। ਵੱਖ-ਵੱਖ ਜਵਾਬ ਦੇਣ ਨਾਲ ਵਿਦਿਆਰਥੀ ਆਪਣੇ ਜਵਾਬ ਵਿਚ ਆਪ ਹੀ ਫਸ ਜਾਂਦਾ ਹੈ।

ਪ੍ਰੀਖਿਆ ਭਵਨ ਅਤੇ ਸਟੇਜ ਦਾ ਆਪਸ ਵਿਚ ਬਹੁਤ ਗੂੜ੍ਹਾ ਸੰਬੰਧ ਹੈ। ਅਸਲ ਪ੍ਰੀਖਿਆ ਸਟੇਜ ਉਤੇ ਹੀ ਹੁੰਦੀ ਹੈ। ਇਸੇ ਲਈ ਸੰਗੀਤ ਦੀਆਂ ਉਤਲੀਆਂ ਕਲਾਸਾਂ ਦੀ ਪ੍ਰਯੋਗੀ ਪ੍ਰੀਖਿਆ ਸੰਗੀਤ ਦੀ ਇਕ ਭਾਰੀ ਸਭਾ ਬੁਲਾ ਕੇ ਕੀਤੀ ਜਾਂਦੀ ਹੈ। ਸੰਗੀਤ ਵਿਦਿਆ ਹੈ ਵੀ ਇਕ ਪ੍ਰੈਕਟੀਕਲ ਵਿਦਿਆ ਹੈ। ਜਦੋਂ ਇਕ ਮਨ ਇਕ ਚਿੱਤ ਹੋ ਗੁਰਬਾਣੀ ਨੂੰ ਸੰਗੀਤ ਤੇ ਰਾਗਾਂ ਵਿਚ ਪਰੋ ਕੇ ਗਾਇਆ ਜਾਂਦਾ ਹੈ ਤਾਂ ਇਹ ਜਾਦੂ ਦਾ ਅਸਰ ਕਰਦੀ ਹੈ।

# ਸੰਗੀਤ ਅਤੇ ਕੀਰਤਨ ਪੁਸਤਕਾਂ

ਪੁਸਤਕ : ਗੁਰਬਾਣੀ ਸੰਗੀਤ ਬੋਧ

ਪ੍ਰਕਾਸ਼ਕ ਅਤੇ ਲੇਖਕਾ : ਸ੍ਰੀਮਤੀ ਅਮਰਜੀਤ ਕੌਰ
283/265, ਵਿਸ਼ਨੂ ਗਾਰਡਨ ਐਕਸਟੈਨਸ਼ਨ
ਨਵੀਂ ਦਿੱਲੀ—110018

ਪੰਨੇ : 72

ਕੀਮਤ : 65-00 ਰੁਪਏ

"ਗੁਰਬਾਣੀ ਸੰਗੀਤ ਬੋਧ" ਦੀ ਲੇਖਕਾ ਬੀਬੀ ਅਮਰਜੀਤ ਕੌਰ ਦਾ ਜਨਮ 5 ਅਕਤੂਬਰ 1925 ਨੂੰ ਬਠਿੰਡਾ ਵਿਖੇ ਹੋਇਆ। ਉਹਨਾਂ ਨੇ ਬੁੱਧੀਮਾਨ ਦੀ ਪ੍ਰੀਖਿਆ ਪੰਜਾਬ ਯੂਨੀਵਰਸਟੀ ਤੋਂ 1940 ਵਿਚ ਪਾਸ ਕੀਤੀ ਅਤੇ ਸੰਗੀਤ ਪ੍ਰਭਾਕਰ ਦੀ ਪ੍ਰੀਖਿਆ ਅਲਾਹਾਬਾਦ ਯੂਨੀਵਰਸਟੀ ਤੋਂ 1960 ਵਿਚ ਪਾਸ ਕੀਤੀ। ਇਸ ਵੇਲੇ ਉਹ ਸਰਸਵਤੀ ਸੰਗੀਤ ਸਿਖਿਆ ਕੇਂਦਰ ਦਾ ਸੰਚਾਲਨ ਕਰ ਰਹੇ ਹਨ।

ਉਹਨਾਂ ਨੇ 'ਗੁਰਬਾਣੀ ਸੰਗੀਤ ਬੋਧ' ਨਾਮਕ ਪੁਸਤਕ ਲਿਖ ਕੇ ਗੁਰਬਾਣੀ ਸੰਗੀਤ ਨੂੰ ਨਿੱਗਰ ਯੋਗਦਾਨ ਦਿੱਤਾ ਹੈ। ਇਸ ਪੁਸਤਕ ਵਿਚ ਹੇਠ ਲਿਖੇ ਅਨੁਸਾਰ ਵਿਸ਼ਿਆਂ ਦਾ ਵਰਣਨ ਕੀਤਾਂ ਗਿਆ ਹੈ :—

## ਸੰਗੀਤ ਸ਼ਾਸਤਰ

ਸੰਗੀਤ - ਸੰਗੀਤ ਪਧਤੀਆਂ, ਸੰਗੀਤ ਪਧਤੀਆਂ ਦੇ ਚਿੰਨ੍ਹ, ਧੁਨੀ ਜਾਂ ਆਵਾਜ਼, ਅਦੋਲਨ, ਨਾਦ, ਨਾਦ ਦੇ ਭੇਦ ਜਾਂ ਗੁਣ, ਸੁਰ, ਸਪਤਕ, ਅਰੋਹ, ਅਵਰੋਹ, ਪਕੜ, ਥਾਟ, ਥਾਟ ਦੇ ਨਿਯਮ, ਹਿੰਦੁਸਤਾਨੀ ਸੰਗੀਤ ਪੱਧਤੀ ਦੇ ਦਸ ਥਾਟ, ਰਾਗ, ਰਾਗ ਦੀਆਂ ਜਾਤੀਆਂ, ਆਸ਼ਰੀਆ ਰਾਗ, ਵਾਦੀ ਸੁਰ, ਸੰਵਾਦੀ ਸੁਰ, ਅਨੁਵਾਦੀ ਸੁਰ, ਵਿਵਾਦੀ ਸੁਰ, ਕਾਲ।

## ਤਾਲਾਂ ਦਾ ਵਰਨਣ

ਤਾਲ, ਤਾਲ ਦੀਆਂ ਲੈਆਂ, ਵਿਲੰਬਿਤ ਲੈਅ, ਮੱਧ ਲੈਅ, ਦਰੁਤ ਲੈਅ, ਤਿੰਨਤਾਲ, ਕਹਿਰਵਾ, ਦਾਦਰਾ, ਅਲੰਕਾਰ, ਰਾਗ ਯਮਨ ਕਲਿਆਣ, ਰਾਗ ਬਿਲਾਵਲ, ਰਾਗ ਖਮਾਜ, ਰਾਗ ਭੈਰਵ, ਰਾਗ ਭੈਰਵੀ, ਰਾਗ ਅਸਾਵਰੀ, ਰਾਗ ਕਾਫੀ, ਰਾਗ ਪੂਰਵੀ, ਰਾਗ ਮਾਰਵਾ, ਰਾਗ ਤੋੜੀ।

## ਥਾਟ ਕਲਿਆਣ ਦੇ ਰਾਗ

ਰਾਗ ਕੇਦਾਰ, ਰਾਗ ਗੌਂਡ ਸਾਰੰਗ, ਰਾਗ ਮਾਰੂ ਬਿਹਾਗ, ਰਾਗ ਛਾਇਆਨਟ, ਰਾਗ ਹਿੰਡੋਲ, ਰਾਗ ਭੂਪਾਲੀ, ਰਾਗ ਸ਼ੁਧ ਕਲਿਆਣ।

## ਥਾਟ ਬਿਲਾਵਲ ਦੇ ਰਾਗ

ਰਾਗ ਸ਼ੰਕਰਾ ਰਾਗ ਬਿਹਾਗੜਾ, ਰਾਗ ਬਿਹਾਗ, ਰਾਗ ਆਸਾ, ਰਾਗ ਗੌਂਡ, ਰਾਗ ਦੁਰਗਾ, ਰਾਗ ਸੂਹੀ।

## ਥਾਟ ਖਮਾਜ ਦੇ ਰਾਗ

ਰਾਗ ਮਾਝ, ਰਾਗ ਦੇਸ, ਰਾਗ ਸੋਰਠਿ, ਰਾਗ ਜੈ ਜੈ ਵੰਤੀ, ਰਾਗ ਤਿਲੰਗ, ਰਾਗ ਤਿਲਕ-ਕਾਮੋਦ, ਰਾਗ ਵਡਹੰਸ, ਰਾਗ ਮਾਰੂ।

## ਥਾਟ ਭੈਰਵ ਦੇ ਰਾਗ

ਰਾਗ ਰਾਮਕਲੀ, ਰਾਗ ਗਉੜੀ, ਰਾਗ ਦੇਵ ਗੰਧਾਰੀ, ਰਾਗ ਅਹੀਰ ਭੈਰਵ।

## ਥਾਟ ਅਸਾਵਰੀ ਦੇ ਰਾਗ

ਰਾਗ ਦਰਬਾਰੀ ਕਾਨੜਾ, ਰਾਗ ਜੌਨਪੁਰੀ, ਰਾਗ ਸਿੰਧ ਭੈਰਵੀ।

## ਥਾਟ ਭੈਰਵੀ ਦੇ ਰਾਗ

ਰਾਗ ਮਾਲਕੌਂਸ, ਰਾਗ ਭੂਪਾਲ ਤੋੜੀ।

## ਥਾਟ ਕਾਫੀ ਦੇ ਰਾਗ

ਰਾਗ ਬ੍ਰਿੰਦਾਬਨੀ ਸਾਰੰਗ, ਰਾਗ ਬਹਾਰ, ਰਾਗ ਧਨਾਸਰੀ, ਰਾਗ ਸ਼ਿਵਰੰਜਨੀ, ਰਾਗ ਬਾਗੇਸ਼ਰੀ, ਰਾਗ ਗੌਂਡ ਮਲ੍ਹਾਰ, ਰਾਗ ਮੀਆਂ ਮਲ੍ਹਾਰ, ਰਾਗ ਭੀਮ ਪਲਾਸੀ, ਰਾਗ ਪੀਲੂ।

## ਥਾਟ ਪੂਰਬੀ ਦੇ ਰਾਗ

ਰਾਗ ਬਸੰਤ, ਰਾਗ ਪੂਰੀਆ ਧਨਾਸਰੀ, ਰਾਗ ਜੈਤਸਰੀ, ਰਾਗ ਪਰਜ।

## ਥਾਟ ਮਾਰਵਾ ਦੇ ਰਾਗ

ਰਾਗ ਲਲਿਤ।

## ਥਾਟ ਤੋੜੀ ਦੇ ਰਾਗ

ਰਾਗ ਗੂਜਰੀ।

ਅਮਰਜੀਤ ਕੌਰ ਜੀ ਸੰਗੀਤ ਬਾਰੇ ਲਿਖਦੇ ਹਨ—ਸੰਗੀਤ ਰੂਹ ਦੀ ਖੁਰਾਕ ਹੈ। ਗੁਰਬਾਣੀ ਮਨੁਖ ਦੀ ਟੇਕ ਹੈ। ਸ੍ਰੀ ਗੁਰੂ ਗਰੰਥ ਸਾਹਿਬ ਦੇ ਰੂਪ ਵਿਚ ਦੋਹਾਂ ਦਾ ਸੁਮੇਲ ਮਨੁੱਖ ਜਾਤੀ ਲਈ ਵਰਦਾਨ ਹੈ। ਇਸੇ ਵਰਦਾਨ ਦਾ ਕ੍ਰਿਸ਼ਮਾ ਹੈ ਕਿ ਸੰਸਾਰ ਵਿਚ ਜਿਸ ਨੇ ਵੀ ਗੁਰਬਾਣੀ ਨੂੰ ਆਤਮਸਾਤ ਕੀਤਾ ਹੈ ਉਸ ਨੇ ਜੀਵਨ-ਸਹਿਜ, ਸੁਹਜ ਤੇ ਸੁਚੱਜ ਨਾਲ ਜੀਵਿਆ ਹੈ।

ਗੁਰਬਾਣੀ ਦਾ ਪਾਠ ਜੇ ਕੋਈ ਸਾਧਾਰਨ ਵਿਅਕਤੀ ਵੀ ਕਰਦਾ ਹੈ ਤਾਂ ਜਿਥੇ ਉਹ ਇਸ ਦੇ ਵਿਸ਼ਾ ਵਸਤੂ ਤੋਂ ਲਾਭ ਉਠਾਉਂਦਾ ਹੈ ਉਥ ਇਸ ਦੀ ਰਾਗਾਤਮਿਕਤਾ ਤੋਂ ਵੀ ਅਨੰਦਤ ਹੁੰਦਾ ਹੈ। ਤੇ ਜਦੋਂ ਕੋਈ ਸੰਗੀਤ ਦਾ ਮਾਹਿਰ ਸਾਜ਼ਾਂ ਦੀ ਸਹਾਇਤਾ ਨਾਲ ਗੁਰਬਾਣੀ ਦੇ ਸ਼ਬਦ ਗਾਉਂਦਾ ਹੈ ਤਾਂ ਸਰੋਤੇ ਅਨੰਦ ਦੀ ਅਸੀਮਤਾ ਦਾ ਅਨੁਭਵ ਕਰਦੇ ਹਨ। ਧੰਨ ਹਨ ਗੁਰੂ ਸਾਹਿਬਾਨ, ਭਗਤ ਅਤੇ ਸੰਤ ਜਿਹਨਾਂ ਦੀ ਕਿਰਪਾ ਨਾਲ ਉੱਚਤਮ ਕਲਾ ਦੇ ਨਮੂਨੇ ਸਾਨੂੰ ਗੁਰਬਾਣੀ ਦੇ ਰੂਪ ਵਿਚ ਪਰਾਪਤ ਹਨ।

ਇਸ ਪੁਸਤਕ ਵਿਚ ਦਰਜ ਵੱਖ-ਵੱਖ ਰਾਗਾਂ ਦੀਆਂ ਸੁਰ-ਲਿਪੀਆਂ ਉਹਨਾਂ ਆਪਣੇ ਸੰਗੀਤ-ਵਿਦਿਆਲੇ ਦੇ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਤਿਆਰ ਕੀਤੀਆਂ ਹਨ।

ਇਹ ਪੁਸਤਕ ਆਮ ਪਾਠਕਾਂ, ਵਿਦਿਆਰਥੀਆਂ, ਸੰਗੀਤ ਤੇ ਕੀਰਤਨ ਪ੍ਰੇਮੀਆਂ ਲਈ ਨਿਸਚੇ ਹੀ ਲਾਹੇਵੰਦ ਸਾਬਤ ਹੋਵੇਗੀ।

ਪੰਜਾਬੀ ਅਕਾਦਮੀ ਦਿੱਲੀ ਨੇ ਇਸ ਪੁਸਤਕ ਨੂੰ ਛਾਪਣ ਲਈ ਮਾਇਕ ਸਹਾਇਤਾ ਦੇ ਕੇ ਬੜਾ ਸ਼ਲਾਘਾਯੋਗ ਕੰਮ ਕੀਤਾ ਹੈ।

# ਲਾਵਾਂ ਦੇ ਛੰਦਾਂ ਦੀ ਮਿਆਰੀ ਵਿਆਖਿਆ
# ਹਰਿ ਚਉਥੜੀ ਲਾਵ

ਵਿਆਖਿਆਕਾਰ : ਜੋਗਿੰਦਰ ਸਿੰਘ ਸੇਠੀ, ਪੰਨੇ 154, ਮੁੱਲ 100 ਰੁਪਏ
ਪ੍ਰਕਾਸ਼ਕ : ਗੁਰੂ ਤੇਗ ਬਹਾਦਰ ਨਾਮ ਸਿਮਰਨ ਫਾਉਂਡੇਸ਼ਨ,
308 ਐਵਰੀ ਟਾਵਰ, ਜੁਹੂ ਰੋਡ ਬੰਬਈ-4[illegible]0049.

ਗੁਰਬਾਣੀ ਮਨੁੱਖ ਲਈ ਸੰਸਾਰਕ ਅਤੇ ਅਧਿਆਤਮਕ, ਦੋਹਾਂ ਮਾਰਗਾਂ ਤੇ ਰਾਹੁਨ-ਮਾਈ ਕਰਦੀ ਹੈ। ਅਸਲ ਵਿਚ ਗੁਰਮਤਿ ਮਾਰਗ ਹੈ ਹੀ ਗ੍ਰਿਹਸਤ ਮਾਰਗ ਤੇ ਚਲਦਿਆਂ ਹੋਇਆਂ ਹਿਰਦੇ ਦਾ ਪ੍ਰਕਾਸ਼ ਲੱਭਣ ਦਾ ਮਾਰਗ :-

ਪਰਵਿਰਤਿ ਮਾਰਗ ਜੇਤਾ ਕਿਛੁ ਹੋਈਐ ਤੇਤਾ ਲੋਗ ਪਚਾਰਾ ॥
ਜਉ ਲਉ ਰਿਦੈ ਨਹੀਂ ਪਰਗਾਸ। ਤਉ ਲਉ ਅੰਧ ਅੰਧਾਰਾ ॥ ਪੰਨਾ 1205

ਸੰਸਾਰਕ ਜੀਵਨ ਵਿਚ ਵਿਆਹ ਇਕ ਅਜਿਹਾ ਮੋੜ ਹੈ ਜਿਸ ਤੇ ਪਹੁੰਚ ਕੇ ਜੀਵਨ ਦੀ ਦਿਸ਼ਾ ਬਦਲਣ ਦੀ ਸੰਭਾਵਨਾ ਹੁੰਦੀ ਹੈ। ਇਸ ਰਾਹ ਤੇ ਪੈਰ ਧਰਨ ਤੋਂ ਪਹਿਲਾਂ ਬਹੁਤੇ ਮਤਾਂ ਅਨੁਸਾਰ, ਇਸਤਰੀ ਤੇ ਪੁਰਖ, ਧਰਮ ਨੂੰ ਤੀਜੀ ਅਤੇ ਨਿਆਂਕਾਰੀ ਧਿਰ ਮੰਨ ਕੇ ਇਸਦੇ ਸਾਹਮਣੇ, ਜੀਵਨ ਭਰ ਇਕੱਠੇ ਰਹਿਣ ਦਾ ਵਚਨ ਦੇਂਦੇ ਹਨ। ਹਿੰਦੂ ਧਰਮ ਵਿਚ ਪ੍ਰਵਾਣਿਤ ਵਿਆਹ ਵਿਧੀ ਅਨੁਸਾਰ, ਹਵਨ ਅਗਨੀ ਦੁਆਰੇ ਲਏ ਸੱਤ ਫੇਰਿਆ ਸਮੇਂ ਉਚਾਰੇ ਜਾਂਦੇ ਮੰਤਰਾਂ ਨੂੰ ਸਾਖੀ ਮੰਨ ਕੇ ਸੱਤ ਕਸਮਾਂ ਵੀ ਖਾਧੀਆਂ ਜਾਂਦੀਆਂ ਹਨ ਅਤੇ ਸੱਤ ਉਪਦੇਸ਼ ਵੀ ਜੀਵਨ ਭਰ ਅਪਣਾਈ ਰਖਣ ਦਾ ਵਚਨ ਦਿੱਤਾ ਜਾਂਦਾ ਹੈ। ਇਹੀ ਵਿਧੀ ਬ੍ਰਹਮ-ਵਿਆਹ ਦੀ ਹੈ। ਇਸ ਤੋਂ ਇਲਾਵਾ ਸ਼ਾਸਤਰਾਂ ਅਨੁਸਾਰ ਪਿਸ਼ਾਚ, ਰਾਕਸ਼, ਗੰਧਰਵ, ਅਸੁਰ, ਪਰਜਾਪਤਯ, ਆਰਸ ਅਤੇ ਦੈਵ ਆਦਿ ਹੋਰ ਵਿਆਹ ਵੀ ਪ੍ਰਮਾਣਿਤ ਹਨ।

ਸਿੱਖ ਮੱਤ ਵਿਚ ਕੇਵਲ ਅਨੰਦ-ਕਾਰਜ ਦੀ ਵਿਧੀ ਹੀ ਵਿਆਹੁਤਾ ਜੀਵਨ ਆਰੰਭ ਕਰਨ ਦੀ ਪ੍ਰਵਾਣਿਤ ਵਿਧੀ ਹੈ। ਇਸ ਵਿਧੀ ਅਨੁਸਾਰ ਗੁਰੂ ਰਾਮਦਾਸ ਜੀ ਦੇ ਸੂਹੀ ਰਾਗ ਵਿਚ ਉਚਾਰਨ ਕੀਤੇ ਲਾਵਾਂ ਦੇ ਚਾਰ ਛੰਦਾਂ ਦਾ ਪਾਠ ਜ਼ਰੂਰੀ ਹੈ। ਹਰ ਛੰਦ ਦੇ ਪਾਠ ਉਪਰੰਤ ਵਰ ਅਤੇ ਕੰਨਿਆਂ ਗੁਰੂ ਗਰੰਥ ਸਾਹਿਬ ਦੇ ਹਜ਼ੂਰ ਵਿਚ ਮੱਥਾ ਟੇਕ ਕੇ ਇਸ ਗਲ ਦੀ ਹਾਮੀ ਭਰਦੇ ਹਨ ਕਿ ਉਹ ਛੰਦ ਰਾਹੀਂ ਦਿਤੀ ਗਈ ਸਿਖਿਆ ਉੱਪਰ ਜੀਵਨ ਭਰ ਅਮਲ ਕਰਦੇ ਰਹਿਣਗੇ। ਪਰ ਬਹੁਤੀ ਵਾਰੀ ਵਰ ਅਤੇ ਕੰਨਿਆ ਨੂੰ ਤਾਂ ਕੀ ਛੰਦ ਦਾ ਕੀਰਤਨ ਕਰ ਰਹੇ ਜਾਂ ਪਾਠ ਕਰ ਰਹੇ ਗੁਰਸਿੱਖਾਂ ਨੂੰ ਵੀ ਛੰਦ ਦੇ ਭਾਵ ਦੀ ਸਮਝ ਨਹੀਂ ਹੁੰਦੀ।

ਜੋਗਿੰਦਰ ਸਿੰਘ ਸੇਠੀ ਨੇ 'ਹਰਿ ਚਉਥੜੀ ਲਾਂਵ' ਨਾਂ ਦੀ ਪੁਸਤਕ ਵਿਚ ਲਾਵਾਂ ਨਾਲ ਸਬੰਧਤ ਚਾਰ ਛੰਦਾਂ ਦੀ ਹੀ ਨਹੀਂ ਮੂਲ ਗੁਰਮਤਿ ਵਿਚਾਰ ਧਾਰਾ ਦੀ ਵੀ ਵਿਆ-

ਖਿਆ ਕੀਤੀ ਹੈ। ਵਿਆਖਿਆ ਕਰਦਿਆਂ ਉਹ ਹਰ ਸ਼ਬਦ, ਵਾਕੰਸ਼, ਤੁਕ, ਤੁਕ ਸਮੂਹ ਅਤੇ ਛੰਦ ਦੇ ਅਰਥ ਕਰਦੇ ਹੋਏ ਲੋੜ ਅਨੁਸਾਰ ਪ੍ਰਮਾਣ ਉਦਾਹਰਣਾਂ ਗੁਰਬਾਣੀ ਵਿਚੋਂ ਹੀ ਵੀ ਦਿੰਦੇ ਹਨ ਜਿਹਨਾਂ ਕਾਰਣ ਵਿਆਖਿਆਕਾਰ ਦਾ ਮੱਤ ਵਧੇਰੇ ਪ੍ਰਪੱਕ ਹੋ ਕੇ ਪਾਠਕ ਦੇ ਸਾਹਮਣੇ ਆਉਂਦਾ ਹੈ। ਪੁਸਤਕ ਦੀ ਸਮੁਚੀ ਵਿਅ ਖਿਆ ਪ੍ਰਣਾਲੀ ਵਿਚ ਰੌਚਿਕਤਾ ਕੇਂਦਰੀ ਸੂਤਰ ਹੈ ਜਿਸ ਦੇ ਦੁਆਲੇ ਪ੍ਰਮਾਣਾਂ ਅਤੇ ਕਥਾਵਾਂ ਦੇ ਮਣਕੇ ਸਿਮਰਨ ਦੇ ਉਡੀਕਵਾਨ ਜਾਪਦੇ ਹਨ।

ਹਥਲੀ ਪੁਸਤਕ ਪਾਠ ਨਾਲੋਂ ਵਧੇਰੇ ਅਧਿਐਨ ਦੀ ਮੰਗ ਕਰਦੀ ਹੈ। ਗੁਰੂ ਰਾਮ-ਦਾਸ ਜੀ ਲਾਵਾਂ ਦੇ ਇਹਨਾਂ ਛੰਦਾਂ ਨੂੰ ਵਿਆਹੁਤਾ ਜੀਵਨ ਵਿਚ ਪਤੀ-ਪਤਨੀ ਦੇ ਮਿਲਾਪ ਵਾਂਗ ਹੀ ਸਰਬ ਜਗਤ ਦੇ ਪਤੀ, ਪ੍ਰਮੇਸ਼ਰ ਨਾਲ ਵੀ ਮਿਲਾਪ ਕਰਨ ਦੀ ਆਸ ਨਾਲ ਅਧਿਆਤਮਕ ਮਾਰਗ ਤੇ ਚੱਲਣ ਦਾ ਉਪਦੇਸ਼ ਦੇਦੇ ਹਨ।

ਇਸ ਰਾਹ ਦਾ ਸਫ਼ਰ ਪਰਵਿਰਤੀ ਕਰਮ ਤੋਂ ਆਰੰਭ ਹੁੰਦਾ ਹੈ ਅਤੇ ਮਨ ਦੇ ਸਹਿਜ ਹੋ ਜਾਣ ਤੱਕ ਜੀਵਾਤਮਾ ਦਾ ਸਹਾਈ ਹੁੰਦਾ ਹੈ। ਯੋਗ ਮਤ ਅਨੁਸਾਰ ਅਭਿਆਸੀ ਦੀ ਸੁਰਤ ਦਸਮ ਦੁਆਰ ਤੱਕ ਪਹੁੰਚਣ ਲਈ ਸੱਤ ਭੰਵਰ, ਚੱਕਰ ਜਾਂ ਫੇਰੇ ਲੈਂਦੀ ਹੋਈ ਆਪਣਾ ਟੀਚਾ ਪਰਾਪਤ ਕਰਨ ਯੋਗ ਹੁੰਦੀ ਹੈ। ਰੀੜ੍ਹ ਦੀ ਹੱਡੀ ਦੁਆਲੇ ਘੁੰਮਦੀ ਸੁਰਤ ਸੱਤ ਅਵਸਥਾਵਾਂ ਵਿਚ ਸੱਤ ਉਪਦੇਸ਼ ਗ੍ਰਹਿਣ ਕਰਦੀ ਹੈ। ਸਿੱਖ ਧਰਮ ਅਨੁਸਾਰ ਲਾਵਾਂ ਦੇ ਚਾਰ ਛੰਦ ਅਧਿਆਤਮਕ ਰਾਹ ਦੇ ਮਹੱਤਵਪੂਰਨ ਉਪਦੇਸ਼ ਵੀ ਬਣਦੇ ਹਨ। ਹਥਲੀ ਪੁਸਤਕ ਵਿਚ ਸ: ਜੋਗਿੰਦਰ ਸਿੰਘ ਸੇਠੀ, ਜਿਹਨਾਂ ਨੇ ਇਸ ਤੋਂ ਪਹਿਲਾਂ ਵੀ ਗੁਰਮਤਿ ਵਿਚਾਰਧਾਰਾ ਦੇ ਪਰਚਾਰ ਹਿਤ '੧ਓ' ਤੋਂ ਗੁਰ ਪ੍ਰਸਾਦਿ ਤੱਕ ਸਿਮਰਨ ਕਿੱਦਾਂ ਕਰੀਏ, ਯਾਤਰਾ ਸਚਖੰਡ ਦੀ ਆਦਿ ਨੌਂ ਪੁਸਤਕਾਂ ਦੀ ਰਚਨਾ ਕੀਤੀ ਹੈ ਅਤੇ ਜਿਹਨਾਂ ਨੂੰ ਗੁਰੂ ਤੇਗ ਬਹਾਦਰ ਨਾਮ ਸਿਮਰਨ ਫਾਉਂਡੇਸ਼ਨ ਦੇ ਸਕਤਰ ਬੀਬੀ ਸੁਰਜੀਤ ਕੌਰ, 'ਸਾਧ ਜੀ' ਦੇ ਨਾਂ ਨਾਲ ਯਾਦ ਕਰਦੇ ਹਨ, ਨੇ ਇਹਨਾਂ ਛੰਦਾਂ ਵਿਚਲੇ ਉਪਦੇਸ਼ਾਂ ਸਬੰਧੀ ਸਮਝ ਆਉਣ ਵਾਲੀ ਭਾਸ਼ਾ ਵਿਚ ਵਿਆਖਿਆ ਕੀਤੀ ਹੈ।

ਛੰਦਾਂ ਦੀ ਵਿਆਖਿਆ ਨੂੰ ਪਾਠਕਾਂ ਲਈ ਰੌਚਿਕ ਬਣਾਈ ਰੱਖਣ ਦੇ ਮੰਤਵ ਨਾਲ ਕੁਝ ਭਾਰਤੀ ਮਤਾਂ ਨਾਲ ਸਬੰਧਤ ਅਤੇ ਕੁਝ ਵਿਦੇਸ਼ੀ ਕਥਾਵਾਂ ਵੀ ਪੁਸ਼ਟੀ ਲਈ ਵਰਤੀਆਂ ਗਈਆਂ ਹਨ। ਇਹ ਕਥਾਵਾਂ ਲੇਖਕ ਦੇ ਵਿਦਵਾਨ ਖੋਜੀ ਹੋਣ ਦਾ ਪ੍ਰਮਾਣ ਹੋਣ ਦੇ ਨਾਲ-ਨਾਲ ਉਸ ਉਤੇ ਓਸ਼ੋ ਰਜਨੀਸ਼ ਦਾ ਪ੍ਰਭਾਵ ਕਬੂਲ ਕਰਨ ਦੀ ਵੀ ਝਲਕ ਬਣਦੀਆਂ ਹਨ। ਇਸ ਪਰਕਾਰ 'ਹਰਿ ਚਉਥੜੀ ਲਾਂਵ' ਲਾਵਾਂ ਦੇ ਚਾਰ ਛੰਦਾਂ ਨੂੰ ਸਹੀ ਪਰਿਪੇਖ ਵਿਚ ਪੇਸ਼ ਕਰਨ ਦਾ ਸਫਲ ਉਪਰਾਲਾ ਹੈ। ਇਸ ਪੁਸਤਕ ਦਾ ਪਾਠ ਗਰਿਸਤ ਮਾਰਗ ਤੇ ਪੈਰ ਧਰਨ ਵਾਲੇ ਨੌਜਵਾਨਾਂ ਅਤੇ ਇਸ ਮਾਰਗ ਨੂੰ ਸਹਿਜ ਦੀ ਪਰਾਪਤੀ ਦਾ ਇਕ ਸਾਧਨ ਬਣਾਉਣ ਦੇ ਚਾਹਵਾਨ ਅਭਿਆਸੀਆਂ ਲਈ ਲਾਭਕਾਰੀ ਸਿੱਧ ਹੋਵੇਗਾ, ਇਸ ਗੱਲ ਦੀ ਸਾਨੂੰ ਪੂਰਨ ਆਸ ਹੈ।

ਡਾ. ਤਰਲੋਚਨ ਸਿੰਘ ਤਰਸੀ
277, ਫੇਜ-4, ਮੁਹਾਲੀ

# ਪਿਛਲੇ ਦਿਨੀਂ ਅਖਬਾਰਾਂ/ਰਸਾਲਿਆਂ ਵਿਚਲਾ ਸੰਗੀਤ ਅਤੇ ਕੀਰਤਨ

(1) ਲੁਧਿਆਣੇ ਦੇ ਪੰਜਾਬੀ ਪਰਚੇ ਕੇਸਰੀ ਨਿਸ਼ਾਨ ਵਿਚ ਪ੍ਰਸਿੱਧ ਕੀਰਤਨੀਏ ਭਾਈ ਸਾਹਿਬ ਗੁਰਚਰਨ ਸਿੰਘ ਰਸੀਆ ਬਾਰੇ ਇਕ ਲੇਖ ਛਪਿਆ :

ਲੁਧਿਆਣਾ – ਸਿੱਖ ਕੌਮ ਦੇ ਮਹਾਨ ਪ੍ਰਸਿੱਧ ਕੀਰਤਨੀਏ ਭਾਈ ਸਾਹਿਬ ਭਾਈ ਗੁਰਚਰਨ ਸਿੰਘ ਜੀ ਰਸੀਆ ਤੇ ਉਹਨਾਂ ਦੇ ਸਾਥੀ ਭਾਈ ਇੰਦਰ ਸਿੰਘ, ਸਤਨਾਮ ਸਿੰਘ ਜੀ ਜੋ ਕਿ ਪੰਥ ਦੇ ਪ੍ਰਸਿੱਧ ਕੀਰਤਨੀਆਂ ਵਿਚੋਂ ਮੁੱਖੀ ਜਥਿਆਂ ਵਿਚ ਇਕ ਆਪਣੀ ਆਪ ਮਿਸਾਲ ਹਨ। ਆਪ ਜੀ ਦੀਆਂ ਟੇਪਾਂ ਤੇ ਵੀਡੀਓ ਕੈਸਟਾਂ ਸਿੱਖ ਜਗਤ ਵਿਚ ਪ੍ਰਸਿੱਧ ਹਨ। ਆਪ ਜੀ ਨੇ ਜੋ ਵਕਤ ਤੇ ਹਾਲਾਤਾਂ ਨੂੰ ਮੁੱਖ ਰੱਖਦਿਆਂ ਹੋਇਆਂ ਵੀਡੀਓ ਕੈਸਟਾਂ ਕਰਵਾਈਆਂ ਹਨ, ਉਹ ਵੀ ਆਪਣੀ ਇਕ ਮਿਸਾਲ ਆਪ ਰੱਖਦੀਆਂ ਹਨ। ਸਾਨੂੰ ਇਹਨਾਂ ਕੈਸਟਾਂ ਰਾਹੀਂ ਪਵਿੱਤਰ ਇਤਿਹਾਸਕ ਗੁਰ ਧਾਮਾਂ ਦੇ ਦਰਸ਼ਨ ਵੀ ਹੁੰਦੇ ਹਨ। ਜਿਥੇ ਆਪ ਨੇ ਵਿਦੇਸ਼ਾਂ ਵਿਚ ਇਕ ਆਪਣੀ ਅਮਿਟ ਛਾਪ ਦਿੱਤੀ ਹੈ ਉਸਦੇ ਨਾਲ ਹੀ ਸਮੁੱਚੇ ਭਾਰਤ ਵਿਚ ਅਤੇ ਖਾਸ ਕਰਕੇ ਪੰਜਾਬ ਵਿਚ ਵੀ ਪ੍ਰਸਿੱਧ ਜੱਥਾ ਆਪਣੀ ਇਕ ਮਿਸਾਲ ਹੋਇਆ ਹੈ। ਆਪ ਇਕ ਚੰਗੇ ਜੀਵਨ ਵਾਲੇ ਹਨ। ਭਾਗਾਂ ਵਾਲੀਆਂ ਉਹ ਸਿੱਖ ਸੰਗਤਾਂ ਹਨ ਜੋ ਆਪ ਜੀ ਪਾਸੋਂ ਆਨੰਦਮਈ ਕੀਰਤਨ ਸੁਣਦਿਆਂ ਹੋਇਆ ਗੁਰੂ ਸਾਹਿਬ ਜੀ ਦੇ ਚਰਨ ਕਮਲਾਂ ਨਾਲ ਜੁੜਦੀਆਂ ਹਨ। ਭਾਈ ਸਾਹਿਬ ਜੀ ਪਿਛਲੇ ਦਿਨਾਂ ਵਿਚ ਸਿੰਘਾਪੁਰ ਅਤੇ ਹਾਂਗ ਕਾਂਗ, ਮਲੇਸ਼ੀਆ ਦੀਆਂ ਸਿੱਖ ਸੰਗਤਾਂ ਨੂੰ ਕੀਰਤਨ ਰਾਹੀਂ ਗੁਰਮਤਿ ਵਿਚਾਰਾਂ ਰਾਹੀਂ ਗੁਰੂ ਸਾਹਿਬ ਦੇ ਚਰਨਾਂ ਨਾਲ ਜੋੜਕੇ ਆਏ ਹਨ। ਸਿੱਖ ਸੰਗਤਾਂ ਨੂੰ ਇਹ ਚਾਹੀਦਾ ਹੈ ਕਿ ਜਿੱਥੇ-ਜਿੱਥੇ ਵੀ ਗੁਰੂ ਸਵਾਰੇ ਰਸੀਆ ਜੀ ਜਾਣ ਆਪ ਜੀ ਦੇ ਕੀਰਤਨ ਤੋਂ ਲਾਭ ਉਠਾਦਿਆ ਹੋਇਆਂ ਸਪੈਸ਼ਲ ਦੀਵਾਨਾਂ ਰਾਹੀਂ ਖੁਸ਼ੀਆਂ ਹਾਸਲ ਕਰਦੀਆਂ ਹੋਈਆਂ ਪੂਰਨ ਲਾਭ ਉਠਾਉਣ ਅਤੇ ਵਧ ਚੜ੍ਹ ਕੇ ਪੰਥ ਪ੍ਰਸਿੱਧ ਕੀਰਤਨੀ ਜਥੇ ਦਾ ਸਨਮਾਨ ਕਰਨ।

(2) ਪੰਜਾਬ ਟ੍ਰਿਬਿਊਨ ਨੇ ਬਰਨਾਲਾ ਵਿਖੇ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਵਲੋਂ ਕਰਵਾਏ ਗਏ ਕੀਰਤਨ ਦਰਬਾਰ ਦੀ ਖਬਰ ਇਸ ਪ੍ਰਕਾਰ ਛਪੀ ਹੈ :

ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਨੇ ਬੀਤੇ ਦਿਨੀਂ ਗੁਰਦੁਆਰਾ ਸਿੰਘ ਸਭਾ ਵਿਚ ਕੀਰਤਨ ਦਰਬਾਰ ਕਰਾਇਆ। ਸਵੇਰੇ 5 ਤੋਂ 7 ਵਜੇ ਤੱਕ ਸੁਖਮਨੀ ਸਾਹਿਬ ਦਾ ਪਾਠ ਤੇ ਕਥਾ ਹੋਈ। ਇਸ ਤੋਂ ਬਾਅਦ ਭਾਈ ਮੋਹਨ ਸਿੰਘ ਗੁਰਦੁਆਰਾ ਸਿੰਘ ਸਭਾ ਅਤੇ ਭਾਈ ਸਤਮੋਹਨ ਸਿੰਘ ਗੁਰਦੁਆਰਾ ਬਾਬਾ ਗਾਂਧਾ ਸਿੰਘ ਦੇ ਸਥਾਨਕ ਜਥਿਆਂ ਨੇ ਕੀਰਤਨ ਕੀਤਾ।

9 ਵਜੇ ਬਾਹਰੋਂ ਆਏ ਜਥਿਆਂ ਨੇ ਕੀਰਤਨ ਸ਼ੁਰੂ ਕੀਤਾ। ਇਹਨਾਂ ਵਿਚ ਭਾਈ ਕੰਵਲਜੀਤ ਸਿੰਘ ਦੇਹਰਾਦੂਨ ਵਾਲੇ, ਭਾਈ ਬਲਬੀਰ ਸਿੰਘ ਚੰਡੀਗੜ੍ਹ, ਭਾਈ ਦਵਿੰਦਰ ਸਿੰਘ ਸੋਢੀ ਲੁਧਿਆਣਾ। ਭਾਈ ਹਰਚਰਨ ਸਿੰਘ ਫੱਕਰ ਪਟਿਆਲਾ, ਭਾਈ ਤੇਜਿੰਦਰ ਸਿੰਘ ਰੰਗੀਲਾ ਲੁਧਿਆਣਾ। ਭਾਈ ਗੁਰਚਰਨ ਸਿੰਘ ਰਸੀਆ ਲੁਧਿਆਣਾ, ਭਾਈ ਅਮਰਜੀਤ ਸਿੰਘ ਕੰਵਲ ਜਲੰਧਰ, ਭਾਈ ਪ੍ਰੀਤਮ ਸਿੰਘ, ਮਿੱਠਾ ਟਿਵਾਣਾ ਹੁਸ਼ਿਆਰਪੁਰ ਤੇ ਭਾਈ ਹਰਚੰਦ ਸਿੰਘ ਖਾਲਸਾ ਖੰਨਾ ਨੇ ਮਨੋਹਰ ਕੀਰਤਨ ਕੀਤਾ। ਸ਼ਾਮ ਸਮੇਂ ਜਦੋਂ ਭਾਈ ਹਰਬੰਸ ਸਿੰਘ ਜਗਾਧਰੀ ਅਤੇ ਬੀਬੀ ਬਲਜੀਤ ਕੌਰ ਖਾਲਸਾ ਤਲਵਾੜਾ ਵਾਲਿਆਂ ਦੇ ਜਥਿਆਂ ਨੇ ਕੀਰਤਨ ਕੀਤਾ ਤਾਂ ਉਸ ਸਮੇਂ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦੇ ਹਾਲ, ਗੈਲਰੀ ਤਾਂ ਭਰੇ ਹੀ ਹੋਏ ਸੀ। ਕਾਫੀ ਸੰਗਤ ਪੌੜੀਆਂ ਵਿਚ ਤੇ ਆਸ-ਪਾਸ ਵੀ ਬੈਠੀ ਸੀ। ਸਥਾਨਕ ਅਖੰਡ ਕੀਰਤਨੀ ਜਥੇ ਅਤੇ ਸੂਬੇਦਾਰ ਪ੍ਰੀਤਮ ਸਿੰਘ, ਬਾਬਾ ਨਾਮਦੇਵ ਧਰਮਸ਼ਾਲਾ ਦੇ ਜਥੇ ਨੇ ਵੀ ਸ਼ਬਦ ਸੁਣਾਏ ਸਾਰਾ ਦਿਨ ਲੰਗਰ ਵਰਤਿਆ ਤੇ ਰਾਤ 8 ਵਜੇ ਪ੍ਰੋਗਰਾਮ ਦੀ ਸਮਾਪਤੀ ਹੋਈ। ਸਭ ਜੱਥਿਆਂ ਨੂੰ ਸਿਰੋਪੇ ਤੇ ਮੋਮੈਂਟੋ ਭੇਂਟ ਕੀਤੇ ਗਏ।

(3) ਰੋਜ਼ਾਨਾ ਅਜੀਤ ਵਿਚ ਭਾਈ ਸਰਬਜੀਤ ਸਿੰਘ ਰਾਗੀ ਅਤੇ ਸਾਥੀਆਂ ਦੀ ਕੈਸਟ—ਮੈਂ ਪ੍ਰਭੂ ਮਿਲਣੇ ਕਾ ਚਾਉ ਦੀ ਸਮੀਖਿਆ ਸ੍ਰ. ਅਰਵਿੰਦਰ ਸਿੰਘ ਭੱਟੀ ਨੇ ਲਿਖੀ : —

ਕੈਸਟ : ਮੈਂ ਪ੍ਰਭੂ ਮਿਲਣੇ ਕਾ ਚਾਉ

ਗਾਇਕ : ਭਾਈ ਸਰਬਜੀਤ ਸਿੰਘ ਰਾਗੀ ਤੇ ਸਾਥੀ

ਪੇਸ਼ਕਸ਼ : ਅੰਮ੍ਰਿਤ ਰਸ (ਇੰਡੀਆ) ਦਿੱਲੀ

ਭਾਈ ਸਰਬਜੀਤ ਸਿੰਘ ਛੋਟੀ ਉਮਰ ਦੇ ਨੌਜਵਾਨ ਰਾਗੀ ਹਨ ਜੋ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਹਜ਼ੂਰੀ ਰਾਗੀ ਵਜੋਂ ਸੇਵਾ ਨਿਭਾ ਰਹੇ ਹਨ। ਇਹਨਾਂ ਦੁਆਰਾ ਗਾਏ ਗਏ ਸ਼ਬਦਾਂ ਦੀ ਨਵੀਂ ਕੈਸਟ ਮਾਰਕਿਟ ਵਿਚ ਆਈ ਹੈ, 'ਮੈਂ ਪ੍ਰਭੂ ਮਿਲਨੇ ਕਾ ਚਾਓ' ਇਹ ਕੈਸਟ ਅੰਮ੍ਰਿਤ ਰਸ (ਇੰਡੀਆ) ਦਿੱਲੀ ਵਲੋਂ ਤਿਆਰ ਕੀਤੀ ਗਈ ਹੈ।

ਕੈਸਟ ਦੇ ਦੋਹੀਂ ਪਾਸੀਂ ਕੁਲ ਪੰਜ ਸ਼ਬਦ ਹਨ। ਏ ਸਾਈਡ ਤੋਂ ਪਹਿਲਾਂ ਟਾਈਟਲ ਸ਼ਬਦ ਮੈਂ ਪ੍ਰਭੂ ਮਿਲਣੇ ਕਾ ਚਾਉ ਹੈ। ਦੂਜੇ ਸ਼ਬਦ 'ਜਾ ਕਾ ਮੀਤ ਸਾਜਨ ਹੈ ਸਮੀਆਂ' ਵਿਚ ਰਾਗੀ ਸਿੰਘਾਂ ਨੇ ਵਧੀਆ ਸੰਗੀਤਕ ਸੂਝ-ਬੂਝ ਦਾ ਪ੍ਰਗਟਾਵਾ ਕੀਤਾ ਹੈ।

ਕੈਸਿਟ ਦੀ ਬੀ ਸਾਇਡ ਤੇ ਪਹਿਲਾਂ ਸ਼ਬਦ 'ਚਰਨਸਰਨ ਗੁਰ ਏਕ ਪੈਡਾ ਜਾਇ ਚਲ' ਸੁਣ ਕੇ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਵੱਲ ਧਿਆਨ ਜਾਂਦਾ ਹੈ ਦੂਜੇ ਸ਼ਬਦ 'ਤੂੰ ਜਲ ਥਲ ਮਹੀਅਲ' ਵਿਚ ਵੀ ਭਾਈ ਹਰਜਿੰਦਰ ਸਿੰਘ ਰਾਗੀ ਦਾ ਪ੍ਰਭਾਵ ਪ੍ਰਤੱਖ ਦੇਖਿਆ ਜਾ ਸਕਦਾ ਹੈ। ਤੀਜਾ ਸ਼ਬਦ 'ਅਬ ਹਮ ਚਲੀ ਠਾਕੁਰ ਪਹਿ ਹਾਰ'

ਗਾਇਨ ਪੱਖੋਂ ਇਸ ਕੈਸਿਟ ਦਾ ਸਭ ਤੋਂ ਵਧੀਆ ਸ਼ਬਦ ਹੈ। ਕੁਲ ਮਿਲਾ ਕੇ ਕੈਸਿਟ 'ਮੈਂ ਪ੍ਰਭ ਮਿਲਨੇ ਕਾ ਚਾਉ', ਇਕ ਵਧੀਆ ਪੇਸ਼ਕਸ਼ ਕਹੀ ਜਾ ਸਕਦੀ ਹੈ ਜਿਸ ਤੋਂ ਇਸ ਨੌਜਵਾਨ ਰਾਗੀ ਦੇ ਭਵਿੱਖ ਵਿਚ ਵੀ ਵਧੀਆ ਕਾਰਗੁਜ਼ਾਰੀ ਕਰਨ ਦੇ ਸੰਕੇਤ ਮਿਲਦੇ ਹਨ।

ਕੈਸਿਟ : ਮੈਂ ਬਨਜਾਰਿਨ ਰਾਮ ਕੀ

ਰਾਗੀ ਜਥਾ : ਭਾਈ ਬਖਸ਼ੀਸ਼ ਸਿੰਘ (ਹਜ਼ੂਰੀ ਰਾਗੀ)

ਪੇਸ਼ਕਸ਼ : ਬੈਕਸਨ ਆਡੀਓਜ਼, ਨਵੀਂ ਦਿੱਲੀ

ਇਹ ਬੜੇ ਦੁੱਖ ਵਾਲੀ ਗੱਲ ਹੈ ਕਿ ਨਿਰਧਾਰਤ ਰਾਗਾਂ ਵਿਚ ਰਸ-ਭਿੰਨਾ ਕੀਰਤਨ ਕਰਕੇ ਸਰੋਤਿਆਂ ਨੂੰ ਬੰਨ੍ਹ ਕੇ ਬੈਠਾ ਦੇਣ ਵਾਲੇ ਭਾਈ ਬਖਸ਼ੀਸ਼ ਸਿੰਘ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਅੱਜ ਸਾਡੇ ਵਿਚ ਨਹੀਂ ਰਹੇ। ਪਰ ਉਹਨਾਂ ਦੀ ਮਿੱਠੀ ਆਵਾਜ਼ ਵਿਚ ਕੀਤੇ ਗਏ ਮਧੁਰ ਕੀਰਤਨ ਦਾ ਹਾਲ ਹੀ ਵਿਚ ਬੈਕਸਨ ਆਡੀਓਜ਼, ਨਵੀਂ ਦਿੱਲੀ ਵਾਲਿਆਂ ਵਲੋਂ ਉਹਨਾਂ ਦੀ ਰਿਲੀਜ਼ ਕੀਤੀ ਨੌਂ ਸ਼ਬਦਾਂ ਵਾਲੀ ਕੈਸਿਟ "ਮੈਂ ਬਨਜਾਰਿਨ ਰਾਮ ਕੀ" ਨੂੰ ਸੁਣ ਕੇ ਆਨੰਦ ਮਾਣਿਆ ਜਾ ਸਕਦਾ ਹੈ। ਮਿਸ ਅੰਜੂ ਪੁਰੀ ਅਤੇ ਡਾ: ਐਸ. ਬਖਸੀ ਇਸ ਕੈਸਿਟ ਦੇ ਨਿਰਮਾਤਾ ਹਨ। ਠੁਕਰਾਲ ਸਟੂਡੀਓ ਵਿਚ ਰਿਕਾਰਡ ਹੋਈ ਉਪਰੋਕਤ ਕੈਸਿਟ ਦੇ ਨੌਂ ਦੇ ਨੌਂ ਸ਼ਬਦ ਹੀ ਸਿਫਤ ਭਰਪੂਰ ਹਨ।

ਕੈਸਿਟ ਦੀ 'ਏ' ਸਾਈਡ 'ਤੇ 'ਸਭਿ ਧੰਨੁ ਕਹਹੁ ਗੁਰੂ ਸਤਿਗੁਰ', 'ਸੰਤਾਂ ਕੇ ਕਾਰਜਿ ਆਪਿ', 'ਪੂਤਾ ਮਾਤਾ ਕੀ ਆਸੀਸ' ਅਤੇ 'ਕੋਈ ਬੋਲੈ ਰਾਮ ਰਾਮ' ਨਾਂ ਦੇ ਚਾਰ ਸ਼ਬਦ ਹਨ।

ਕੈਸਿਟ ਦੀ 'ਬੀ' ਸਾਈਡ 'ਤੇ 'ਭਵਖੰਡਨ ਦੁਖਭੰਜਨ ਸਵਾਮੀ ਭਗਤ ਵਛਲ', 'ਮੈਂ ਬਨਜਾਰਿਨ ਰਾਮ ਕੀ', 'ਜੀਅ ਜੰਤ ਤੇਰੇ ਧਾਰੇ ਪ੍ਰਭ ਡੋਰੀ ਹਾਥ ਤੁਮਾਰੇ', 'ਜਾ ਕਾ ਮੀਤੁ ਸਾਜਨੁ ਹੈ ਸਮੀਆ' ਅਤੇ 'ਸਤਿਗੁਰ ਹੋਇ ਦਇਆਲ' ਨਾਂ ਦੇ ਪੰਜ ਸ਼ਬਦ ਹਨ। ਬਹੁਤ ਹੀ ਚਿਰ ਬਾਅਦ ਗੁਰਬਾਣੀ ਗਾਇਨ ਦੇ ਖੇਤਰ ਵਿਚ ਨੌਂ ਸ਼ਬਦਾਂ ਦੀ ਕੈਸਿਟ ਵੇਖਣ ਨੂੰ ਮਿਲੀ ਹੈ।

ਜੀਵਨ ਝਾਤ :

# ਭਾਈ ਬਲਕਾਰ ਸਿੰਘ



ਇਕ ਦਿਨ ਜਲੰਧਰ ਗੁਰੂ ਨਾਨਕ ਮਿਸ਼ਨ ਗੁਰਦੁਆਰਾ ਸਾਹਿਬ ਵਿਖੇ ਰਾਤ ਗੁਜ਼ਾਰਨ ਦਾ ਮੌਕਾ ਮਿਲਿਆ। ਸਵੇਰੇ ਉੱਠੇ ਤਾਂ ਰਸ-ਭਿੰਨੀ ਆਵਾਜ਼ 'ਚ 'ਆਸਾ ਦੀ ਵਾਰ' ਦੀ ਧੁੰਨ ਸੁਣਾਈ ਦਿੱਤੀ। ਪੂਰਾ ਸਮਾਂ ਸੰਗਤੀ ਰੂਪ ਵਿਚ ਹਾਜ਼ਰੀ ਭਰੀ। ਬਾਅਦ ਵਿਚ ਮਨ ਕੀਤਾ ਕਿ ਇਹਨਾਂ ਰਾਗੀ ਸਿੰਘਾਂ ਦੀ ਜੀਵਨੀ ਕਲਮਬੱਧ ਭਰ ਲਈ ਜਾਵੇ। ਇਹ ਹਨ ਕੀਰਤਨੀਏ ਭਾਈ ਬਲਕਾਰ ਸਿੰਘ ਜੀ।

ਭਾਈ ਸਾਹਿਬ ਨੇ ਸ੍ਰ: ਸਰਦਾਰਾ ਸਿੰਘ ਦੇ ਘਰ ਮਾਤਾ ਕਰਤਾਰ ਕੌਰ ਦੀ ਕੁੱਖੋਂ ਪਿੰਡ ਬੱਸੀ (ਕਪੂਰਥਲਾ) ਵਿਖੇ ਅਪਰੈਲ 1955 ਨੂੰ ਜਨਮ ਲਿਆ। ਦਸਵੀਂ ਤਕ ਦੀ ਵਿਦਿਆ ਸੰਤ ਪ੍ਰੇਮ ਸਿੰਘ ਹਾਈ ਸਕੂਲ ਬੇਗੋਵਾਲ ਤੋਂ ਪ੍ਰਾਪਤ ਕੀਤੀ। ਗਾਇਨ ਕਲਾ ਬਾਲ ਸਭਾਵਾਂ ਤੋਂ ਸ਼ੁਰੂ ਹੋਈ ਤੇ ਇਹ ਲਗਨ ਉਹਨਾਂ ਦੇ ਚਾਚਾ ਚਰਨ ਸਿੰਘ ਹੋਰਾਂ ਦੀ ਪ੍ਰੇਰਨਾ ਨਾਲ ਹੋਰ ਪਕੇਰੀ ਹੋਈ। ਸੰਗੀਤ ਵਿਦਿਆ ਬੁੱਢਾ ਜੌਹੜ ਸੰਗੀਤ ਵਿਦਿਆਲੇ ਤੋਂ ਪ੍ਰੋ: ਪ੍ਰੀਤਮ ਸਿੰਘ ਤੂਰ ਹੋਰਾਂ ਪਾਸੋਂ ਪ੍ਰਾਪਤ ਕੀਤੀ। ਕਾਫੀ ਮਿਹਨਤ ਤੋਂ ਬਾਅਦ ਸਿੰਘ ਸਭਾ ਮਾਡਲ ਟਾਊਨ ਲੁਧਿਆਣੇ ਰਾਗੀ ਜਥੇ ਦੇ ਤੌਰ ਤੇ ਸਰਵਿਸ ਸ਼ੁਰੂ ਕੀਤੀ।

ਆਪ ਦੀ ਆਵਾਜ਼ ਵਿਚ ਤਕਰੀਬਨ ਵਖ-ਵਖ ਕੰਪਨੀਆਂ ਨੇ 10 ਕੈਸਿਟਾਂ ਰੀਲੀਜ਼ ਕੀਤੀਆਂ ਹਨ। ਦੋ ਇਤਿਹਾਸਕ ਪ੍ਰਸੰਗ ਅਤੇ ਅੱਠ ਨਿਰੋਲ ਗੁਰਬਾਣੀ ਦੀਆਂ। ਭਾਈ ਸਾਹਿਬ ਕਾਫੀ ਰਾਗਾਂ ਬਾਰੇ ਮੁਹਾਰਤ ਰੱਖਦੇ ਹਨ ਅਤੇ ਪ੍ਰਚਲਤ ਤਾਲਾਂ ਤੋਂ ਸਿਵਾਏ ਮੁਸ਼ਕਲ ਤਾਲਾਂ ਬਾਰੇ ਵੀ ਗਿਆਨ ਰਖਦੇ ਹਨ ਆਪ ਡੁਬਈ, ਆਬੂਧਾਬੀ, ਸਿੰਘਾਪੁਰ, ਮਲੇਸ਼ੀਆ, ਥਾਈਲੈਂਡ ਆਦਿ ਦੇਸਾਂ ਤਕ ਰਸ-ਭਿੰਨੇ ਕੀਰਤਨ ਦੁਆਰਾਂ ਸੰਗਤਾਂ ਨੂੰ ਨਿਹਾਲ ਕਰ ਆਏ ਹਨ।

ਇਸ ਸਮੇਂ ਆਪ ਦੇ ਸਾਥੀ ਭਾਈ ਜਸਬੀਰ ਸਿੰਘ ਸਹਾਇਕ ਤੇ ਜਗਤਾਰ ਸਿੰਘ ਜੋੜੀ ਤੇ ਹੈ। ਦੌੜਨ ਦਾ ਸ਼ੌਕ ਕਰਕੇ ਜਥੇਦਾਰੀ ਦੀ ਨਿਸ਼ਾਨੀ ਸਰੀਰ ਤੇ ਮੋਟਾਪਾ ਸਵਾਰ ਨਹੀਂ ਹੋਇਆ। ਇਹ ਗੱਲ ਕਾਫੀ ਹੱਦ ਤਕ ਸੱਚ ਹੈ ਕਿ ਕਬੀਲਦਾਰੀ ਦੀਆਂ ਉਲਝਣਾਂ ਵਿਚ ਪੈ ਕੇ ਕਾਫੀ ਰਾਗੀ ਸਿੰਘਾਂ ਦਾ ਇਹ ਹਾਲ ਹੋ ਜਾਂਦਾ। ਬਈ ਜੋ ਕੁਝ ਪਹਿਲਾਂ ਸਿਖ ਲਿਆ ਉਦੋਂ ਤੱਕ ਸੀਮਤ ਹੋ ਕੇ ਹੀ ਕੰਮ ਸਾਰੀ ਜਾਣਾ ਹੈ। ਇਥੇ ਭਾਈ ਸਾਹਿਬ ਦੀ ਧਰਮ ਪਤਨੀ ਜੋਗਿੰਦਰ ਕੌਰ ਦਾ ਸਾਥ ਤੇ ਸਹਿਯੋਗ ਉਹਨਾਂ ਲਈ ਉਤਸ਼ਾਹਜਨਕ ਹੈ।

ਅੰਤ ਵਿਚ ਸਾਡੀ ਦੁਆ ਹੈ ਕਿ ਭਾਈ ਭਾਹਿਬ ਰਾਗ ਵਿਦਿਆ ਵਿਚ ਹੋਰ ਤਰੱਕੀ ਕਰਨ ਅਤੇ ਇਹ ਤਮੰਨਾ ਹੈ ਕਿ ਹਰ ਇਕ ਰਾਗੀ ਸਿੰਘ ਸਾਲ ਵਿਚ ਘੱਟੋ-ਘੱਟ ਇਕ ਕੈਸਿਟ ਨਿਰੋਲ ਕਲਾਸੀਕਲ ਗਾ ਕੇ ਵਿਰਾਸਤ ਵਿਚ ਵਾਧਾ ਕਰੇ ਜੇ ਏਨਾ ਨਹੀਂ ਹੋ ਸਕਦਾ ਤਾਂ ਜਦ ਕੋਈ ਕੈਸਿਟ ਰੀਕਾਰਡ ਕਰਵਾਏ ਤਾਂ ਉਸ ਵਿਚ ਇਕ ਸ਼ਬਦ ਜ਼ਰੂਰ ਰਾਗ ਵਿਦਿਆ ਤੇ ਤਾਲ ਵਿਦਿਆ ਦੀ ਪ੍ਰਦਰਸ਼ਨੀ ਕਰਨ ਵਾਲਾ ਹੋਵੇ।